ਪੰਜਾਬੀਆਂ ਦੇ ਹੱਕ ਦੀ ਆਵਾਜ਼

ਮਹੀਨਾਵਾਰ

# ਰੋਜ਼ਾਨਾ ਸਵੇਰਾ

ਸ਼ੁੱਕਰਵਾਰ, 09 ਦਸੰਬਰ 2022 ਅੰਕ-8 ਨਾਨਕਸ਼ਾਹੀ ਸੰਮਤ : 554 (ਪੰਨੇ : 8) ਮੁੱਲ: ₹5.00 RNI.T-Code.PUNPUN04267

ਬਠਿੰਡਾ www.epaper.rozanasavera.com ਮੁੱਖ ਸੰਪਾਦਕ- ਰਮਨਪ੍ਰੀਤ ਸਿੰਘ www.rozanasavera.com

# ਗੁਜਰਾਤ 'ਚ ਭਾਜਪਾ ਦੀ ਵੱਡੀ ਜਿੱਤ ; ਹਿਮਾਚਲ 'ਚ ਕਾਂਗਰਸ ਦੀ ਵਾਪਸੀ

## ਕਰਾਰੀ ਹਾਰ ਨਾਲ ਗੁਜਰਾਤ 'ਚ 'ਆਪ' ਦਾ ਸੁਪਨਾ ਟੁੱਟਿਆ, ਕੇਵਲ 5 ਸੀਟਾਂ ਮਿਲੀਆਂ, ਹਿਮਾਚਲ 'ਚ ਨਹੀਂ ਖੁੱਲ੍ਹਿਆ ਖਾਤਾ





**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**

ਗੁਜਰਾਤ ਵਿੱਚ ਭਾਜਪਾ ਨੇ 156 ਸੀਟਾਂ ਦੇ ਨਾਲ ਜਿੱਤ ਦਾ ਨਵਾਂ ਰਿਕਾਰਡ ਬਣਾਇਆ ਹੈ। ਕਾਂਗਰਸ ਨੇ 1985 'ਚ ਮਾਧਵ ਸਿੰਘ ਸੋਲੰਕੀ ਦੀ ਅਗਵਾਈ 'ਚ 149 ਸੀਟਾਂ ਜਿੱਤੀਆਂ। ਉਧੀਂ, ਨਰਿੰਦਰ ਮੋਦੀ ਦੇ ਮੁੱਖ ਮੰਤਰੀ ਭਾਜਪਾ ਨੇ 2002 ਦੇ ਚੋਣ ਵਿੱਚ 127 ਜਿੱਤੀਆਂ। ਇਸ ਜਿੱਤ ਦੇ ਨਾਲ ਭਾਜਪਾ ਨੇ ਦੋਵਾਂ ਨੂੰ ਰਿਕਾਰਡ ਤੋੜ ਜਿੱਤ ਹਾਸਲ ਕੀਤੀ ਹੈ। ਭਾਜਪਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਪਿੱਤਰੀ ਰਾਜ ਗੁਜਰਾਤ ਵਿਚ ਲਗਾਤਾਰ ਸੱਤਵੀਂ ਵਾਰ ਚੋਣਾਂ ਜਿੱਤ ਕੇ ਨਵਾਂ ਰਿਕਾਰਡ ਸਿਰਜ ਦਿੱਤਾ ਹੈ। ਭਾਜਪਾ ਨੇ ਗੁਜਰਾਤ ਅਸੈਂਬਲੀ ਦੇ 182 ਮੈਂਬਰੀ ਸਦਨ ਵਿੱਚ 156 ਸੀਟਾਂ ਜਿੱਤੀਆਂ ਹਨ। ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ 'ਆਪ' 13 ਫੀਸਦ ਵੋਟ ਸ਼ੇਅਰ ਨਾਲ ਭਾਵੇਂ ਪੰਜ ਸੀਟਾਂ ਹੀ ਜਿੱਤ ਸਕੀ, ਪਰ ਉਸ ਨੂੰ ਕੌਮੀ ਪਾਰਟੀ ਦਾ ਦਰਜਾ ਜ਼ਰੂਰ ਮਿਲ ਗਿਆ। ਕਾਂਗਰਸ ਦੇ ਹਿੱਸੇ 17 ਸੀਟਾਂ ਆਈਆਂ ਤੇ ਆਜ਼ਾਦ ਤੇ ਹੋਰ 4 ਸੀਟਾਂ 'ਤੇ ਜੇਤੂ ਰਹੇ। ਭਾਜਪਾ ਦਾ ਵੋਟ ਸ਼ੇਅਰ 53 ਫੀਸਦ ਦੇ ਕਰੀਬ ਰਿਹਾ, ਜੋ ਪੱਛਮੀ ਸੂਬੇ ਵਿੱਚ ਕਿਸੇ ਪਾਰਟੀ ਵੱਲੋਂ ਦਰਜ ਸਿਖਰਲਾ ਅੰਕੜਾ ਹੈ। ਗੁਜਰਾਤ ਭਾਜਪਾ ਦੇ ਪ੍ਰਧਾਨ ਸੀ.ਆਰ.ਪਾਟਿਲ ਨੇ ਕਿਹਾ ਕਿ ਭੁਪੇਂਦਰ ਪਟੇਲ ਸੂਬੇ ਦੇ ਮੁੱਖ ਮੰਤਰੀ ਬਣੇ ਰਹਿਣਗੇ ਤੇ ਉਨ੍ਹਾਂ ਦਾ ਹਲਫ਼ਦਾਰੀ ਸਮਾਗਮ 12 ਦਸੰਬਰ ਨੂੰ ਹੋਵੇਗਾ।

ਪਟੇਲ ਨੇ ਅਹਿਮਦਾਬਾਦ ਦੀ ਘਾਟਲੋਡੀਆ ਸੀਟ 1.92 ਲੱਖ ਵੋਟਾਂ ਦੇ ਵੱਡੇ ਫਰਕ ਨਾਲ ਜਿੱਤੀ ਹੈ। 2017 ਦੀਆਂ ਅਸੈਂਬਲੀ ਚੋਣਾਂ ਵਿੱਚ ਭਾਜਪਾ ਨੇ 99 ਸੀਟਾਂ ਜਿੱਤੀਆਂ ਸਨ ਤੇ ਉਦੋਂ ਉਸ ਦਾ ਵੋਟ ਸ਼ੇਅਰ 49.1 ਫੀਸਦ ਸੀ। ਭਾਜਪਾ ਨੇ ਸਾਲ 2002 ਵਿੱਚ ਤਤਕਾਲੀਨ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਜਿੱਤੀਆਂ 127 ਸੀਟਾਂ ਦੇ ਰਿਕਾਰਡ ਨੂੰ ਵੀ ਮਾਤ ਪਾ ਦਿੱਤੀ ਹੈ। ਇਸ ਤੋਂ ਪਹਿਲਾਂ ਗੁਜਰਾਤ ਵਿੱਚ ਹੁਣ ਤੱਕ ਸਭ ਤੋਂ ਵੱਧ 149 ਸੀਟਾਂ ਜਿੱਤਣ ਦਾ ਰਿਕਾਰਡ ਕਾਂਗਰਸ ਦੇ ਨਾਂ ਸੀ। ਕਾਂਗਰਸ ਨੇ 1985 ਵਿੱਚ ਮਾਧਵਸਿੰਘ ਸੋਲੰਕੀ ਦੀ ਅਗਵਾਈ ਵਿੱਚ ਇਹ ਕਮਾਲ ਕਰ ਵਿਖਾਇਆ ਸੀ। ਕਾਂਗਰਸ ਦਾ ਵੋਟ ਸ਼ੇਅਰ 28 ਫੀਸਦ ਦੇ ਕਰੀਬ ਰਿਹਾ ਤੇ 'ਆਪ' ਨੇ ਮੁੱਖ ਤੌਰ 'ਤੇ ਉਸ ਦੇ ਵੋਟ ਬੈਂਕ ਨੂੰ ਖੋਰਾ ਲਾਇਆ। ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਤੇ ਗੁਜਰਾਤ ਦੇ ਮੁੱਖ ਮੰਤਰੀ ਭੁਪੇਂਦਰ ਪਟੇਲ ਨੇ ਪਾਰਟੀ ਦੀ 'ਇਤਿਹਾਸਕ ਜਿੱਤ' ਦਾ ਸਿਹਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿਰ ਬੰਨ੍ਹਿਆ ਹੈ। ਪ੍ਰਧਾਨ ਮੰਤਰੀ ਮੋਦੀ ਨੇ ਗੁਜਰਾਤ ਵਿੱਚ ਚੋਣ ਪ੍ਰਚਾਰ ਦੌਰਾਨ 31 ਚੋਣ ਰੈਲੀਆਂ ਕੀਤੀਆਂ ਸਨ ਤੇ ਸੂਬੇ ਵਿੱਚ ਲਗਪਗ 50 ਕਿਲੋਮੀਟਰ ਲੰਮਾ ਰੋਡ ਸ਼ੋਅ ਕੱਢਦਿਆਂ ਦਰਜਨ ਤੋਂ ਵੱਧ ਵਿਧਾਨ ਸਭਾ ਹਲਕਿਆਂ ਨੂੰ ਕਵਰ ਕੀਤਾ ਸੀ। 'ਆਪ' ਤੇ ਕਾਂਗਰਸ ਨਾਲ ਤਿੰਨ ਧਿਰੀ ਮੁਕਾਬਲੇ ਵਿੱਚ ਭਾਜਪਾ ਨੇ ਬਹੁਮੱਤ ਲਈ ਲੋੜੀਂਦੇ ਤਿੰਨ ਚੌਥਾਈ ਅੰਕੜੇ ਨੂੰ ਸੌਖਿਆਂ ਹੀ ਪਾਰ ਕਰ ਲਿਆ। ਭਾਜਪਾ, ਜੋ ਪਿਛਲੇ 27 ਸਾਲਾਂ (1995 ਤੋਂ) ਤੋਂ ਗੁਜਰਾਤ ਦੀ ਸੱਤਾ ਵਿੱਚ ਹੈ, ਨੇ ਪੱਛਮੀ ਬੰਗਾਲ ਵਿੱਚ ਖੱਬੇ-ਪੱਖੀ ਫਰੰਟ ਵੱਲੋਂ ਲਗਾਤਾਰ ਸੱਤ ਵਾਰ ਸਰਕਾਰ ਬਣਾਉਣ ਦੇ ਰਿਕਾਰਡ ਦੀ ਬਰਾਬਰੀ ਕੀਤੀ ਹੈ। ਸੀਪੀਐੱਮ ਦੀ ਅਗਵਾਈ ਵਾਲੇ ਫਰੰਟ ਨੇ 1977 ਤੋਂ 2011 ਤੱਕ ਪੂਰਬੀ ਰਾਜ ਵਿੱਚ 34 ਸਾਲ ਰਾਜ ਕੀਤਾ ਸੀ। ਭਾਜਪਾ ਨੇ ਐਤਕੀਂ ਆਪਣੀਆਂ ਸੀਟਾਂ ਦੀ ਗਿਣਤੀ ਵਿੱਚ ਸੁਧਾਰ ਕੀਤਾ, ਜਿਸ ਨੂੰ ਪਿਛਲੀਆਂ ਚੋਣਾਂ ਵਿੱਚ ਪਾਟੀਦਾਰ ਭਾਈਚਾਰੇ ਵਿੱਚ ਫੁੱਟੇ ਗੁੱਸੇ ਤੇ ਜੀਐੱਸਟੀ ਪ੍ਰਬੰਧ ਨੂੰ ਲੈ ਕੇ ਵਪਾਰੀਆਂ ਵਿੱਚਲੇ ਗੁੱਸੇ ਕਰ ਕੇ ਵੱਡੀ ਢਾਹ ਲੱਗੀ ਸੀ। ਚੋਣ ਪ੍ਰਚਾਰ ਦੌਰਾਨ ਵਿਰੋਧੀ ਪਾਰਟੀਆਂ ਨੇ ਮੋਦੀ ਸਰਕਾਰ ਨੂੰ ਮਹਿੰਗਾਈ, ਮੱਠੀ ਵਿਕਾਸ ਦਰ ਤੇ ਬੇਰੁਜ਼ਗਾਰੀ ਜਿਹੇ ਮੁੱਦਿਆਂ 'ਤੇ ਘੇਰਿਆ ਸੀ, ਪਰ ਸੂਬੇ ਵਿੱਚ ਭਾਜਪਾ ਦੀ ਹਰਮਨਪਿਆਰਤਾ ਨੂੰ ਅਸਿੱਧੇ ਤੌਰ 'ਤੇ ਇਸ ਨਾਲ ਕੋਈ ਫ਼ਰਕ ਨਹੀਂ ਪਿਆ। ਸੱਤਾ ਵਿਰੋਧੀ ਲਹਿਰ ਦੇ ਦਾਅਵਿਆਂ ਦਰਮਿਆਨ ਭਾਜਪਾ ਦੇ ਵੱਡੀ ਗਿਣਤੀ ਮੌਜੂਦਾ ਵਿਧਾਇਕਾਂ ਨੇ ਜਿੱਤ ਦਰਜ ਕੀਤੀ।

ਇਸ ਇਤਿਹਾਸਕ ਜਿੱਤ ਦੇ ਬਾਅਦ 2 ਦਸੰਬਰ ਨੂੰ ਗਾਂਧੀ ਨਗਰ ਵਿੱਚ 1 ਦੇ ਪਿੱਛੇ ਹੇਲੀਪੈਡ ਮੈਦਾਨ ਵਿੱਚ ਮੁੱਖ ਮੰਤਰੀ ਦੀ ਗੱਲ ਹੋਵੇਗੀ। ਦਿਲਚਸਪ ਗੱਲ ਇਹ ਹੈ ਕਿ ਚੋਣ ਪ੍ਰਚਾਰ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ- ਨਰਿੰਦਰ ਦਾ ਰਿਕਾਰਡ ਭੂਪੇਂਦਰ ਤੋੜਾਂਗੇ। ਚੋਣ ਨਤੀਜੇਂ ਵਿੱਚ ਬਿਲਕੁਲ ਇਹ ਨਜ਼ਰ ਆ ਰਿਹਾ ਹੈ। ਭਾਜਪਾ ਸਮਰਥਕ ਜਸ਼ਨ ਮਨਾ ਰਹੇ ਹਨ।ਗੁਜਰਾਤ ਦੀ 182 ਸੀਟਾਂ ਤੋਂ ਭਾਜਪਾ ਨੇ 156 ਸੀਟਾਂ ਜਿੱਤੀਆਂ ਹਨ। ਕਾਂਗਰਸ ਨੇ 2017 'ਚ 58, ਪਾਰਟੀ ਨੇ ਪਿਛਲੀ ਵਾਰ 77 ਸੀਟਾਂ ਜਿੱਤੀਅ ਇਸ ਵਾਰ ਉਸ ਨੂੰ 17 ਸੀਟਾਂ ਜਿੱਤੀਆਂ ਹਨ।

### ਗੁਜਰਾਤ ਚੋਣ ਨਤੀਜਾ

| ਕੁੱਲ ਸੀਟਾਂ | ਭਾਜਪਾ | ਕਾਂਗਰਸ | 'ਆਪ' | ਹੋਰ |
|---|---|---|---|---|
| 182 | 156 | 17 | 05 | 04 |

### ਹਿਮਾਚਲ ਚੋਣ ਨਤੀਜਾ

| ਕੁੱਲ ਸੀਟਾਂ | ਕਾਂਗਰਸ | ਭਾਜਪਾ | 'ਆਪ' | ਹੋਰ |
|---|---|---|---|---|
| 68 | 40 | 25 | 0 | 3 |

**ਸ਼ਿਮਲਾ,**
**-ਰੋਜ਼ਾਨਾ ਸਵੇਰਾ-**

ਪਹਾੜੀ ਰਾਜ ਹਿਮਾਚਲ ਪ੍ਰਦੇਸ਼ ਦੇ ਲੋਕਾਂ ਨੇ ਹਰ ਪੰਜ ਸਾਲ ਮਗਰੋਂ ਸੂਬੇ ਵਿੱਚ ਸਰਕਾਰ ਬਦਲਣ ਦੀ ਆਪਣੀ ਰਵਾਇਤ ਨੂੰ ਕਾਇਮ ਰੱਖਦਿਆਂ ਐਤਕੀਂ ਕਾਂਗਰਸ ਵਿੱਚ ਵਿਸ਼ਵਾਸ ਜਤਾਇਆ ਹੈ। ਕਾਂਗਰਸ 68 ਮੈਂਬਰੀ ਵਿਧਾਨ ਸਭਾ ਵਿੱਚ 40 ਸੀਟਾਂ ਜਿੱਤਣ ਵਿੱਚ ਕਾਮਯਾਬ ਰਹੀ ਹੈ। ਸੂਬੇ ਵਿੱਚ ਮੁੜ ਸਰਕਾਰ ਬਣਾਉਣ ਦਾ ਦਾਅਵਾ ਕਰਨ ਵਾਲੀ ਭਾਜਪਾ ਨੇ 18 ਸੀਟਾਂ ਜਿੱਤੀਆਂ ਹਨ ਜਦੋਂਕਿ ਸੱਤ ਹੋਰਨਾਂ ਸੀਟਾਂ 'ਤੇ ਉਸ ਦੇ ਉਮੀਦਵਾਰ ਅੱਗੇ ਸਨ। ਇਸ ਦੌਰਾਨ ਤਿੰਨ ਅਜ਼ਾਦ ਉਮੀਦਵਾਰ ਵੀ ਜੇਤੂ ਰਹੇ। ਸਾਰੀਆਂ ਸੀਟਾਂ ਤੋਂ ਚੋਣ ਲੜਨ ਵਾਲੀ ਆਮ ਆਦਮੀ ਪਾਰਟੀ ਖਾਤਾ ਖੋਲ੍ਹਣ ਵਿੱਚ ਵੀ ਨਕਾਮ ਰਹੀ। ਇਸ ਦੌਰਾਨ ਕਾਂਗਰਸ ਨੇ ਚੋਣ ਨਤੀਜਿਆਂ ਮਗਰੋਂ ਆਪਣੇ ਨਵੇਂ ਚੁਣੇ ਵਿਧਾਇਕਾਂ ਦੀ ਚੰਡੀਗੜ੍ਹ ਵਿੱਚ ਮੀਟਿੰਗ ਕਰਕੇ ਕਾਂਗਰਸ ਪ੍ਰਧਾਨ ਨੂੰ ਪਾਰਟੀ ਵਿਧਾਇਕ ਦਲ ਦਾ ਆਗੂ ਚੁਣਨ ਦੇ ਅਧਿਕਾਰ ਦਿੱਤੇ ਹਨ।

ਕਾਂਗਰਸ ਆਗੂ ਰਾਹੁਲ ਗਾਂਧੀ ਨੇ ਪਾਰਟੀ ਨੂੰ ਮਿਲੀ 'ਫੈਸਲਾਕੁਨ ਜਿੱਤ' ਲਈ ਹਿਮਾਚਲ ਪ੍ਰਦੇਸ਼ ਦੇ ਲੋਕਾਂ ਨੂੰ ਵਧਾਈ ਦਿੰਦਿਆਂ ਯਕੀਨ ਦਿਵਾਇਆ ਕਿ ਪਾਰਟੀ ਵੱਲੋਂ ਕੀਤਾ ਹਰ ਵਾਅਦਾ ਪੂਰਾ ਕੀਤਾ ਜਾਵੇਗਾ। ਉਧਰ ਮੁੱਖ ਮੰਤਰੀ ਜੈਰਾਮ ਠਾਕੁਰ ਨੇ ਲੋਕਾਂ ਵੱਲੋਂ ਦਿੱਤੇ ਫ਼ਤਵੇ ਦਾ ਸਤਿਕਾਰ ਕਰਦੇ ਹੋਏ ਆਪਣਾ ਅਸਤੀਫ਼ਾ ਰਾਜਪਾਲ ਨੂੰ ਸੌਂਪ ਦਿੱਤਾ ਹੈ। ਅਧਿਕਾਰਤ ਸੂਤਰਾਂ ਮੁਤਾਬਕ ਰਾਜਪਾਲ ਰਾਜੇਂਦਰ ਵਿਸ਼ਵਨਾਥ ਆਰਲੇਕਰ ਨੇ ਅਸਤੀਫ਼ਾ ਮਨਜ਼ੂਰ ਕਰ ਲਿਆ ਹੈ। ਠਾਕੁਰ ਨੇ ਕਿਹਾ, "ਅਸੀਂ ਵੰਡਪਾਊ ਸਿਆਸਤ ਤੋਂ ਉਪਰ ਉੱਠ ਕੇ ਉਸਾਰੂ ਹਮਾਇਤ ਦੇਵਾਂਗੇ, ਪਰ ਜਿੱਥੇ ਸਾਨੂੰ ਲੱਗੇਗਾ ਕਿ ਰਾਜ ਦੇ ਹਿੱਤਾਂ ਦੀ ਸੁਰੱਖਿਆ ਨਹੀਂ ਹੋ ਰਹੀ, ਉਥੇ ਅਸੀਂ ਇਨ੍ਹਾਂ ਮੁੱਦਿਆਂ ਨੂੰ ਲੋਕਾਂ ਅੱਗੇ ਰੱਖਾਂਗੇ।" ਠਾਕੁਰ ਨੇ ਆਸ ਜਤਾਈ ਕਿ ਨਵੀਂ ਸਰਕਾਰ ਆਪਣੇ ਵਾਅਦਿਆਂ ਨੂੰ ਪੁਗਾਏਗੀ। ਕਾਬਿਲੇਗੌਰ ਹੈ ਕਿ ਭਾਜਪਾ ਨੇ ਹਿਮਾਚਲ ਵਿੱਚ ਐਤਕੀਂ 'ਰਾਜ ਨਹੀਂ, ਰਿਵਾਜ ਬਦਲੇਗਾ' ਦਾ ਨਾਅਰਾ ਦਿੱਤਾ ਸੀ, ਜਿਸ ਨੂੰ ਸੂਬੇ ਦੇ ਲੋਕਾਂ ਨੇ ਰੱਦ ਕਰ ਦਿੱਤਾ। ਸੱਤਾ ਵਿਰੋਧੀ ਲਹਿਰ ਕਰਕੇ ਸਾਲ 1985 ਤੋਂ ਕੋਈ ਵੀ ਸਰਕਾਰ ਮੁੜ ਸੱਤਾ ਵਿੱਚ ਵਾਪਸੀ ਨਹੀਂ ਕਰ ਸਕੀ, ਜਿਸ ਕਰ ਕੇ ਹਰ ਪੰਜ ਸਾਲ ਬਾਅਦ ਪਹਾੜੀ ਰਾਜ ਵਿੱਚ ਸੱਤਾ ਤਬਦੀਲੀ ਹੁੰਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਾੜੀ ਰਾਜ ਦੇ ਵੋਟਰਾਂ ਵੱਲੋਂ ਦਿੱਤੀ ਹਮਾਇਤ ਤੇ ਪਿਆਰ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸੂਬੇ ਦੇ ਲੋਕਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਅਤੇ ਉਨ੍ਹਾਂ ਦੇ ਮੁੱਦੇ ਚੁੱਕਣ ਲਈ ਕੰਮ ਕਰੇਗੀ।

ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ 'ਚ ਹਾਰ ਸਵਿਕਾਰ ਕਰਦੇ ਹੋਏ ਮੁੱਖ ਮੰਤਰੀ ਜੈਰਾਮ ਠਾਕੁਰ ਨੇ ਵੀਰਵਾਰ ਨੂੰ ਰਾਜਪਾਲ ਰਾਜੇਂਦਰ ਆਰਲੇਕਰ ਨੂੰ ਆਪਣਾ ਅਸਤੀਫਾ ਸੌਂਪ ਦਿੱਤਾ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਰਾਜਪਾਲ ਨੇ ਉਨ੍ਹਾਂ ਦਾ ਅਸਤੀਫਾ ਸਵੀਕਾਰ ਕਰ ਲਿਆ ਹੈ।

## ਜੈ ਇੰਦਰ ਕੌਰ ਨੇ ਪਾਰਟੀ ਵਰਕਰਾਂ ਨਾਲ ਭਾਜਪਾ ਦੀ ਗੁਜਰਾਤ ਚੋਣਾਂ ਵਿੱਚ ਜਿੱਤ ਦਾ ਮਨਾਇਆ ਜਸ਼ਨ



**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਭਾਜਪਾ ਪੰਜਾਬ ਦੀ ਮੀਤ ਪ੍ਰਧਾਨ ਜੈ ਇੰਦਰ ਕੌਰ ਨੇ ਅੱਜ ਪਟਿਆਲਾ ਵਿੱਚ ਪਾਰਟੀ ਵਰਕਰਾਂ ਨਾਲ ਗੁਜਰਾਤ ਚੋਣਾਂ ਵਿੱਚ ਪਾਰਟੀ ਦੀ ਇਤਿਹਾਸਕ ਜਿੱਤ ਦਾ ਜਸ਼ਨ ਮਨਾਇਆ।

ਜੈ ਇੰਦਰ ਕੌਰ ਨੇ ਭਾਜਪਾ ਦੇ ਸੀਨੀਅਰ ਆਗੂਆਂ ਨਾਲ ਮਿਲ ਕੇ ਪਾਰਟੀ ਵਰਕਰਾਂ ਨੂੰ ਮਠਿਆਈਆਂ ਵੰਡੀਆਂ ਅਤੇ ਪਾਰਟੀ ਦੇ ਹੱਕ ਵਿੱਚ ਨਾਅਰੇਬਾਜ਼ੀ ਕੀਤੀ।

ਜੈ ਇੰਦਰ ਕੌਰ ਨੇ ਆਪਣੇ ਵਧਾਈ ਭਾਸ਼ਣ ਵਿੱਚ ਕਿਹਾ ਕਿ, ÷ਇਹ ਲੋਕਾਂ ਦੀ ਜਿੱਤ ਹੈ, ਇਹ ਵਿਕਾਸ ਕੇਂਦਰਿਤ ਰਾਜਨੀਤੀ ਦੀ ਜਿੱਤ ਹੈ ਅਤੇ ਲੋਕਾਂ ਨੇ ਕੁਝ ਸਿਆਸੀ ਪਾਰਟੀਆਂ ਵੱਲੋਂ ਚਲਾਈ ਜਾ ਰਹੀ ਮੁਫਤਖੋਰੀ ਦੀ ਰਾਜਨੀਤੀ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ।

ਉਨ੍ਹਾਂ ਨੇ ਪਾਰਟੀ ਲੀਡਰਸ਼ਿਪ ਨੂੰ ਵਧਾਈ ਦਿੰਦੇ ਹੋਏ ਅੱਗੇ ਕਿਹਾ, ÷ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ, ਗ੍ਰਹਿ ਮੰਤਰੀ ਅਮਿਤ ਸ਼ਾਹ ਜੀ, ਰਾਸ਼ਟਰੀ ਪ੍ਰਧਾਨ ਜੇਪੀ ਨੱਡਾ ਜੀ, ਮੁੱਖ ਮੰਤਰੀ ਭੂਪੇਂਦਰ ਪਟੇਲ ਜੀ ਅਤੇ ਪਾਰਟੀ ਦੇ ਸਾਰੇ ਵਰਕਰਾਂ ਨੂੰ ਇਸ ਇਤਿਹਾਸਕ ਫਤਵੇ ਲਈ ਵਧਾਈ ਦੇਣਾ ਚਾਹੁੰਦੀ ਹਾਂ।

ਜੈ ਇੰਦਰ ਕੌਰ ਦੇ ਨਾਲ ਭਾਜਪਾ ਦੇ ਸੀਨੀਅਰ ਆਗੂ ਮੰਥਰੀ ਸ੍ਰੀਨਿਵਾਸਲੂ, ਹਰਜੀਤ ਸਿੰਘ ਗਰੇਵਾਲ, ਪਰਮਿੰਦਰ ਬਰਾੜ, ਹਰਿੰਦਰ ਕੋਹਲੀ ਆਦਿ ਹਾਜ਼ਰ ਸਨ।

## ਹਰਜੋਤ ਬੈਂਸ ਦਾ ਵੱਡਾ ਬਿਆਨ; ਸਕੂਲ ਦਾ ਕੁਨੈਕਸ਼ ਨਹੀਂ ਕੱਟਣ ਦੇਵਾਂਗਾ ਭਾਵੇਂ ਆਪਣੇ ਕੋਲੋਂ ਬਿੱਲ ਭਰਨਾ ਪਵੇ




**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ 8 ਸਰਕਾਰੀ ਸਕੂਲਾਂ ਦਾ ਬਿੱਲ ਨਾ ਭਰਨ ਕਾਰਨ ਪਾਵਰਕਾਮ ਵੱਲੋਂ ਕੱਟੇ ਗਏ ਸਕੂਲਾਂ ਦੇ ਕੁਨੈਕਸ਼ਨ ਨੂੰ ਲੈ ਕੇ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਵੱਡਾ ਐਲਾਨ ਕੀਤਾ ਹੈ। ਸਿੱਖਿਆ ਮੰਤਰੀ ਨੇ ਕਿਹਾ ਕਿ ਉਹ ਪਾਵਰਕਾਮ ਨੂੰ ਚਿੱਠੀ ਲਿਖਣਗੇ ਕਿ ਅਜਿਹੇ ਸਕੂਲਾਂ ਦੇ ਕੁਨੈਕਸ਼ਨ ਨਾ ਕੱਟਣ ਕਿਉਂਕਿ ਪ੍ਰੀਖਿਆ ਦੇ ਦਿਨ ਹਨ ਅਤੇ ਬੱਚਿਆਂ ਦੀ ਪੜ੍ਹਾਈ ਖ਼ਰਾਬ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਸਕੂਲ ਦਾ ਬਿੱਲ ਨਹੀਂ ਭਰਿਆ ਗਿਆ ਹੈ ਤਾਂ ਉਹ ਆਪਣੇ-ਆਪਣੇ ਮਹੀਨੇ ਦੀ ਤਨਖ਼ਾਹ 'ਚੋਂ ਜਾਂ ਆਪਣੀ ਜੇਬ 'ਚੋਂ ਦੇਣਗੇ ਪਰ ਸਕੂਲ ਦਾ ਕੁਨੈਕਸ਼ਨ ਕੱਟਣ ਨਹੀਂ ਦੇਣਗੇ। ਨਾਲ ਹੀ ਉਨ੍ਹਾਂ ਨੇ ਕਿਹਾ ਕਿ ਉਹ ਇਸ ਬਾਰੇ ਮੁੱਖ ਮੰਤਰੀ ਨਾਲ ਵੀ ਗੱਲ ਕਰਨਗੇ। ਦਰਅਸਲ ਸਿੱਖਿਆ ਮੰਤਰੀ ਅੱਜ ਲੁਧਿਆਣਾ ਪੁੱਜੇ ਹੋਏ ਸਨ, ਜਿੱਥੇ ਪੱਤਰਕਾਰਾਂ ਨੇ ਉਨ੍ਹਾਂ ਨਾਲ ਬੀਤੇ ਦਿਨ ਜਲੰਧਰ 'ਚ ਸਕੂਲ ਦੇ ਬਿਜਲੀ ਕੁਨੈਕਸ਼ਨ ਦੇ ਕੱਟਣ ਨੂੰ ਲੈ ਕੇ ਸਵਾਲ ਖੜ੍ਹਾ ਕੀਤਾ ਸੀ, ਇਸ ਤੋਂ ਬਾਅਦ ਉਨ੍ਹਾਂ ਨੇ ਉਕਤ ਐਲਾਨ ਕੀਤਾ।

ਦੱਸਣਯੋਗ ਹੈ ਕਿ ਗੁਰੂ ਨਾਨਕ ਸਟੇਡੀਅਮ 'ਚ ਦਿਵਿਆਂਗ ਬੱਚਿਆਂ ਲਈ 2 ਦਿਨਾ ਸੂਬਾ ਪੱਧਰੀ ਖੇਡਾਂ ਦਾ ਆਯੋਜਨ ਕੀਤਾ ਗਿਆ ਸੀ, ਜਿਸ ਦਾ ਉਦਘਾਟਨ ਕਰਨ ਲਈ ਸਿੱਖਿਆ ਮੰਤਰੀ ਪਹੁੰਚੇ ਹੋਏ ਸਨ। ਇਸ ਦੌਰਾਨ ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਬੱਚਿਆਂ ਲਈ ਪਹਿਲੀ ਵਾਰ ਸੂਬਾ ਪੱਧਰੀ ਖੇਡਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਬੱਚਿਆਂ ਦੀ ਪ੍ਰਤਿਭਾ ਵੀ ਇਸੇ ਪੱਧਰ 'ਤੇ ਸਾਹਮਣੇ ਆਵੇਗੀ, ਉਨ੍ਹਾਂ ਨੇ ਬੱਚਿਆਂ ਦਾ ਹੌਂਸਲਾ ਵਧਾਇਆ।

## ਸ਼ਹੀਦ ਮਨਦੀਪ ਸਿੰਘ ਦੇ ਪਰਿਵਾਰ ਨੂੰ ਪੰਜਾਬ ਸਰਕਾਰ ਤੇ ਐੱਚਡੀਐੱਫਸੀ ਬੈਂਕ ਦੇਣਗੇ ਇਕ-ਇਕ ਕਰੋੜ ਰੁਪਏ: ਮਾਨ



**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਜਲੰਧਰ ਦੇ ਨਕੋਦਰ 'ਚ ਬੀਤੀ ਰਾਤ 30 ਲੱਖ ਦੀ ਫਿਰੌਤੀ ਨਾ ਦੇਣ 'ਤੇ ਗੋਲੀਆਂ ਮਾਰ ਕੇ ਕਤਲ ਕੀਤੇ ਕੱਪੜਾ ਵਪਾਰੀ ਦੇ ਜ਼ਖ਼ਮੀ ਹੋਏ ਗੰਨਮੈਨ ਮਨਦੀਪ ਸਿੰਘ ਦੀ ਵੀ ਇਲਾਜ ਦੌਰਾਨ ਮੌਤ ਹੋ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਟਵਿੱਟਰ ਅਕਾਊਂਟ 'ਤੇ ਪੋਸਟ ਸਾਂਝੀ ਕਰਦਿਆਂ ਲਿਖਿਆ ਕਿਹਾ ਕਿ ਸ਼ਹੀਦ ਕਾਂਸਟੇਬਲ ਮਨਦੀਪ ਸਿੰਘ ਨੂੰ ਸਲਾਮ, ਜਿਨ੍ਹਾਂ ਨੇ ਡਿਊਟੀ ਦੌਰਾਨ ਸਭ ਤੋਂ ਵੱਡੀ ਕੁਰਬਾਨੀ ਦਿੱਤੀ। ਮੁੱਖ ਮੰਤਰੀ ਨੇ ਕਿਹਾ ਕਿ ਪੀੜਤ ਪਰਿਵਾਰ ਨੂੰ ਪੰਜਾਬ ਸਰਕਾਰ 1 ਕਰੋੜ ਰੁਪਏ ਦੀ ਅਦਾਇਗੀ ਕਰੇਗੀ ਤੇ ਐੱਚਡੀਐੱਫਸੀ ਬੈਂਕ ਵਲੋਂ 1 ਕਰੋੜ ਰੁਪਏ ਦਾ ਹੋਰ ਬੀਮਾ ਭੁਗਤਾਨ ਕੀਤਾ ਜਾਵੇਗਾ।

## ਨਕੋਦਰ 'ਚ ਕੱਪੜਾ ਕਾਰੋਬਾਰੀ ਦੇ ਕਤਲ ਦੀ ਗੈਂਗਸਟਰ ਸੰਪਤ ਨਹਿਰਾ ਨੇ ਲਈ ਜ਼ਿੰਮੇਵਾਰੀ, ਸੋਸ਼ਲ ਮੀਡੀਆ 'ਤੇ ਦਿੱਤੀ ਧਮਕੀ



**ਜਲੰਧਰ,**
**-ਰੋਜ਼ਾਨਾ ਸਵੇਰਾ-**

ਜਲੰਧਰ ਦੇ ਨਕੋਦਰ ਵਿਖੇ ਬੀਤੇ ਦਿਨ 30 ਲੱਖ ਦੀ ਫ਼ਿਰੌਤੀ ਨਾ ਦੇਣ ਕਾਰਨ ਕੱਪੜਾ ਕਾਰੋਬਾਰੀ ਭੁਪਿੰਦਰ ਸਿੰਘ ਉਰਫ਼ ਟਿੰਮੀ ਚਾਵਲਾ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਬਾਅਦ 'ਚ ਘਟਨਾ ਦੌਰਾਨ ਜ਼ਖਮੀ ਹੋਏ ਟਿੰਮੀ ਦੇ ਗੰਨਮੈਨ ਮਨਦੀਪ ਸਿੰਘ ਦੀ ਵੀ ਮੌਤ ਹੋ ਗਈ ਸੀ। ਇਸ ਕਤਲਕਾਂਡ ਦੀ ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਦੇ ਖ਼ਾਸਮ-ਖ਼ਾਸ ਗੈਂਗਸਟਰ ਸੰਪਤ ਨਹਿਰਾ ਵੱਲੋਂ ਲਈ ਗਈ ਹੈ।

ਸੰਪਤ ਨਹਿਰਾ ਨੇ ਫੇਸਬੁੱਕ ਪੇਜ 'ਤੇ ਪੋਸਟ ਪਾ ਕੇ ਲਿਖਿਆ ਹੈ ਕਿ ਟਿੰਮੀ ਚਾਵਲਾ ਦਾ ਕਤਲ ਮੈਂ ਕਰਵਾਇਆ ਹੈ।

ਉਸ ਨੇ ਲਿਖਿਆ ਕਿ ਟਿੰਮੀ ਨੂੰ ਪਹਿਲਾਂ ਵੀ ਸਮਝਾਇਆ ਸੀ ਪਰ ਪੁਲਸ ਸੁਰੱਖਿਆ ਕਾਰਨ ਹਵਾ 'ਚ ਉੱਡ ਰਿਹਾ ਸੀ ਅਤੇ ਹੁਣ ਉਸ ਦੀ ਹਵਾ ਕੱਢ ਦਿੱਤੀ ਹੈ। ਉਸ ਨੇ ਲਿਖਿਆ ਕਿ ਜਿਨ੍ਹਾਂ ਨੂੰ ਅਸੀਂ ਧਮਕੀ ਦਿੱਤੀ ਹੈ, ਉਨ੍ਹਾਂ ਨੂੰ ਵੀ ਪੈਸੇ ਦੇਣੇ ਪੈਣਗੇ, ਨਹੀਂ ਤਾਂ 2-3 ਦਾ ਨੰਬਰ ਹੋਰ ਹੈ ਅਤੇ ਇਹ ਕਤਲ ਉਨ੍ਹਾਂ ਲਈ ਚਿਤਾਵਨੀ ਹੈ।

ਦੱਸ ਦੇਈਏ ਕਿ ਬੀਤੇ ਦਿਨ ਟਿੰਮੀ ਚਾਵਲਾ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਕਤਲਕਾਂਡ ਮਗਰੋਂ ਟਿੰਮੀ ਚਾਵਲਾ ਨੂੰ ਧਮਕੀਆਂ ਦੇਣ ਵਾਲੇ ਗੈਂਗਸਟਰ ਦੀ ਆਡੀਓ ਰਿਕਾਰਡਿੰਗ ਵਾਇਰਲ ਹੋਈ ਹੈ। ਇਸ ਘਟਨਾ ਦੀ ਸੀ. ਸੀ. ਟੀ. ਵੀ. ਫੁਟੇਜ ਵੀ ਸਾਹਮਣੇ ਆ ਗਈ ਹੈ, ਜਿਸ 'ਚ ਸਾਫ਼ ਦਿਖਾਈ ਦੇ ਰਿਹਾ ਹੈ ਕਿ ਮੋਟਰਸਾਈਕਲ 'ਤੇ ਸਵਾਰ ਹੋ ਕੇ ਸ਼ੂਟਰ ਆਉਂਦੇ ਹਨ ਅਤੇ ਗੋਲੀਆਂ ਚਲਾ ਦਿੰਦੇ ਹਨ।

## ਸੀਨੀਅਰ ਸਿਟੀਜਨਜ਼ ਤੇ ਦਿਵਿਆਂਗਜਨਾਂ ਦੀਆਂ ਮੁਸ਼ਕਿਲਾਂ ਤੁਰੰਤ ਨਿਪਟਾਈਆਂ ਜਾਣ: ਗੁਰਪ੍ਰੀਤ ਸਿੰਘ ਥਿੰਦ

### ਏ.ਡੀ.ਸੀ. ਵੱਲੋਂ ਸੀਨੀਅਰ ਸਿਟੀਜਨਜ਼ ਤੇ ਦਿਵਿਆਂਗਜਨਾਂ ਦੇ ਮਸਲਿਆਂ ਦੇ ਹੱਲ ਲਈ ਮੀਟਿੰਗ




ਵਧੀਕ ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਥਿੰਦ ਮੀਟਿੰਗ ਕਰਦੇ ਹੋਏ। ਫ਼ੋਟੋ : ਨਿਊਜ਼ਲਾਈਨ ਐਕਸਪ੍ਰੈਸ

**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਸੀਨੀਅਰ ਸਿਟੀਜਨਾਂ ਅਤੇ ਦਿਵਿਆਂਗਜਨਾਂ ਨੂੰ ਦਰਪੇਸ਼ ਮੁਸ਼ਿਕਲਾਂ ਸਬੰਧੀਂ ਵਿਚਾਰ ਕਰਨ ਲਈ ਪੰਜਾਬ ਮੇਨਟੇਨੈਂਸ ਐਂਡ ਵੈਲਫੇਅਰ ਆਫ਼ ਪੇਰੈਂਟਸ ਐਂਡ ਸੀਨੀਅਰ ਸਿਟੀਜਨਜ਼ ਐਕਟ 2012 ਅਤੇ ਦੀ ਰਾਈਟਸ ਆਫ਼ ਦੀ ਪਰਸਨ ਵਿਦ ਡਿਸਅਬਿਲਟੀਜ਼ ਐਕਟ 2016 ਦੇ ਸੰਦਰਭ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਪ੍ਰੀਤ ਸਿੰਘ ਥਿੰਦ ਦੀ ਪ੍ਰਧਾਨਗੀ ਹੇਠ ਇੱਥੇ ਇੱਕ ਮੀਟਿੰਗ ਹੋਈ।

ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਜੋਬਨਦੀਪ ਕੌਰ ਚੀਮਾ ਵੱਲੋਂ ਕਰਵਾਈ ਮੀਟਿੰਗ 'ਚ ਆਰ.ਪੀ.ਡਬਲਿਯੂ.ਡੀ ਐਕਟ 2016 ਤਹਿਤ ਯੂ.ਡੀ.ਆਈ.ਡੀ. ਕਾਰਡ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਸਿਹਤ ਵਿਭਾਗ ਨੂੰ ਲੰਬਿਤ ਅਰਜ਼ੀਆਂ ਦਾ ਨਿਪਟਾਰਾ ਤੁਰੰਤ ਕਰਨ ਦੇ ਨਿਰਦੇਸ਼ ਦਿੱਤੇ ਗਏ। ਯੂ.ਡੀ.ਆਈ.ਡੀ ਕਾਰਡ ਬਣਨ ਤੋਂ ਵਾਂਝੇ ਰਹੇ ਦਿਵਿਆਂਗਨ ਵਿਦਿਆਰਥੀਆਂ ਦੇ ਕਾਰਡ ਜਲਦ ਬਣਵਾਉਣ ਲਈ ਸਿੱਖਿਆ ਵਿਭਾਗ ਨੂੰ ਨਿਰਦੇਸ਼ ਦੇਣ ਸਮੇਤ ਯੂ.ਡੀ.ਆਈ.ਡੀ ਕਾਰਡਾਂ ਦੀ ਸਮੀਖਿਆ ਹਰ ਮਹੀਨੇ ਕਰਨ ਲਈ ਕਿਹਾ ਗਿਆ।

ਏ.ਡੀ.ਸੀ. ਗੁਰਪ੍ਰੀਤ ਸਿੰਘ ਥਿੰਦ ਨੇ ਪੁਲਿਸ ਵਿਭਾਗ ਨੂੰ ਸੀਨੀਅਰ ਸਿਟੀਜਨ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਸੀਨੀਅਰ ਸਿਟੀਜਨਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੇ ਆਦੇਸ਼ ਦਿੱਤੇ।ਉਨ੍ਹਾਂ ਨੇ ਸਾਰੇ ਵਿਭਾਗੀ ਅਧਿਕਾਰੀਆਂ ਨੂੰ ਸੀਨੀਅਰ ਸਿਟੀਜਨਾਂ ਕੰਮ ਪਹਿਲ ਦੇ ਆਧਾਰ 'ਤੇ ਕਰਨ ਲਈ ਵੀ ਆਖਿਆ।

ਸੀਨੀਅਰ ਸਿਟੀਜਨਾਂ ਨੂੰ ਅਵਾਰਾ ਪਸ਼ੂਆਂ ਵੱਲੋਂ ਟੱਕਰ ਮਾਰਨ ਦੇ ਮੁੱਦੇ ਨੂੰ ਵਿਚਾਰਦਿਆਂ ਏ.ਡੀ.ਸੀ. ਨੇ ਅਵਾਰਾ ਪਸ਼ੂਆਂ ਲਈ ਐਨੀਮਲ ਰਿਫ਼ਲੈਕਟਰ ਲਗਾਉਣ ਅਤੇ ਅਵਾਰਾ ਪਸ਼ੂਆਂ ਨੂੰ ਫੜ ਕੇ ਗਊਸ਼ਾਲਾ 'ਚ ਛੱਡਣ ਲਈ ਆਖਿਆ। ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਜੋਬਨਦੀਪ ਕੌਰ ਚੀਮਾ ਨੇ ਕਿਹਾ ਕਿ ਸੀਨੀਅਰ ਸਿਟੀਜ਼ਨਸ ਦੀਆਂ ਮੁਸ਼ਕਿਲਾਂ ਦੇ ਨਿਪਟਾਰੇ ਲਈ ਵਿਭਾਗ ਹਰ ਸੰਭਵ ਉਪਰਾਲਾ ਕਰ ਰਿਹਾ ਹੈ।

ਇਸ ਮੌਕੇ ਡੀ.ਐਸ.ਪੀ. ਸਥਾਨਕ ਹਰਦੀਪ ਸਿੰਘ ਬਡੂੰਗਰ, ਬੀ.ਡੀ.ਪੀ.ਓ. ਸਨੌਰ ਮਹਿੰਦਰਜੀਤ ਸਿੰਘ, ਸਹਾਇਕ ਸਿਵਲ ਸਰਜਨ ਡਾ. ਰਚਨਾ ਕੌਰ, ਕਰਨਲ ਕਰਮਿੰਦਰ ਸਿੰਘ, ਸਾਈਂ ਬਿਰਧ ਆਸ਼ਰਮ ਸਨੌਰ ਦੇ ਸਕੱਤਰ ਓਮ ਪ੍ਰਕਾਸ਼ ਗਰਗ, ਸਮਾਜ ਸੇਵੀ ਜੋਗਿੰਦਰ ਕੌਰ, ਪ੍ਰੱਡਾ ਤੋਂ ਮੁਨੀਸ਼ ਮਹਿਤਾ, ਆਟਿਜ਼ਮ ਟੂਡੇ ਤੋਂ ਗੁਰਇੱਕਬਾਲ ਸਿੰਘ ਬੇਦੀ, ਐਸੋਸੀਏਸ਼ਨ ਫਾਰ ਡੈਫ ਦੇ ਪ੍ਰਧਾਨ ਜਗਦੀਪ ਸਿੰਘ, ਸਿੱਖਿਆ ਵਿਭਾਗ ਤੋਂ ਜਗਮੀਤ ਸਿੰਘ ਵੀ ਮੌਜੂਦ ਸਨ।

## ਫੌਜਾ ਸਿੰਘ ਸਰਾਰੀ ਨੇ ਹਥਿਆਰਬੰਦ ਸੈਨਾ ਝੰਡਾ ਦਿਵਸ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਕੀਤੀ ਭੇਂਟ



**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਫੌਜਾ ਸਿੰਘ ਸਰਾਰੀ ਨੇ ਅੱਜ ਹਥਿਆਰਬੰਦ ਸੈਨਾ ਝੰਡਾ ਦਿਵਸ ਮੌਕੇ ਸਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ।

ਹਥਿਆਰਬੰਦ ਸੈਨਾ ਝੰਡਾ ਦਿਵਸ ਹਰ ਸਾਲ ਮਨਾਇਆ ਜਾਂਦਾ ਹੈ। ਇਸ ਦਿਨ ਸਮੁੱਚੇ ਭਾਰਤ ਦੇ ਨਾਗਰਿਕ ਹਥਿਆਰਬੰਦ ਬਲਾਂ ਦਾ ਧੰਨਵਾਦ ਕਰਦੇ ਹਨ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦੇ ਹਨ ਅਤੇ ਇਸ ਦੇ ਨਾਲ ਹੀ ਸਾਬਕਾ ਸੈਨਿਕਾਂ ਦੀਆਂ ਵਿਧਵਾਵਾਂ ਅਤੇ ਉਨ੍ਹਾਂ ਦੇ ਬੱਚਿਆਂ ਦੀ ਭਲਾਈ ਲਈ ਵਿੱਤੀ ਸਹਾਇਤਾ ਦਿੰਦੇ ਹਨ। ਰੱਖਿਆ ਸੇਵਾਵਾਂ ਭਲਾਈ ਡਾਇਰੈਕਟੋਰੇਟ ਦੀ ਟੀਮ ਨੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਫੌਜਾ ਸਿੰਘ ਸਰਾਰੀ ਨੂੰ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਟੋਕਨ ਫਲੈਗ ਭੇਂਟ ਕੀਤਾ। ਮੰਤਰੀ ਨੇ ਝੰਡਾ ਦਿਵਸ ਫੰਡ ਵਿੱਚ ਦਾਨ ਵੀ ਕੀਤਾ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਸ੍ਰੀ ਸਰਾਰੀ ਨੇ ਦੇਸ਼ ਦੀ ਅਖੰਡਤਾ ਦੀ ਰਾਖੀ ਲਈ ਸੈਨਿਕਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਸੈਨਿਕਾਂ, ਈਐਸਐਮ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਹਰ ਸੰਭਵ ਯਤਨ ਕੀਤੇ ਜਾਣ।

## ਸੰਪਾਦਕੀ

# ਸੰਵਿਧਾਨ ਆਜ਼ਾਦੀ ਦੇ ਸੰਘਰਸ਼ ਦੀ ਪੈਦਾਇਸ਼

ਇਤਿਹਾਸਕਾਰ ਐਰਿਕ ਹੌਬਸਬੌਮ ਲਿਖਦੇ ਹਨ ਕਿ ਅਤੀਤ ਰਹਿਤ ਰਾਸ਼ਟਰ ਵਿਰੋਧਾਭਾਸ ਹੁੰਦਾ ਹੈ। ਕੌਮਾਂ ਨੂੰ ਇਤਿਹਾਸ ਹੀ ਬਣਾਉਂਦਾ ਹੈ ਅਤੇ ਇਤਿਹਾਸਕਾਰ ਰਾਸ਼ਟਰਵਾਦੀ ਇਤਿਹਾਸ ਰਚਦੇ ਹਨ। ਉਹੋ ਇਹ ਪਰਿਭਾਸ਼ਿਤ ਕਰਦੇ ਹਨ ਕਿ ਕੌਣ ਰਾਸ਼ਟਰ ਦਾ ਹੱਕੀ ਵਾਰਸ ਹੈ ਤੇ ਕੌਣ ਨਹੀਂ। ਰਾਸ਼ਟਰਵਾਦੀਆਂ ਹੱਥ ਆਇਆ ਇਤਿਹਾਸ ਨਾ-ਕਾਬਲ ਬਿਲਡਰਾਂ ਨਾਲੋਂ ਵੀ ਜਿ ?ਆਦਾ ਲੋਕਾਂ ਨੂੰ ਮਾਰ ਸਕਦਾ ਹੈ। ਇਤਿਹਾਸਕਾਰ ਵਹਿਸ਼ੀ ਰਾਸ਼ਟਰਵਾਦ ਦੀ ਸਿਰਜਣਾ ਵਿਚਲੀ ਆਪਣੀ ਸ਼ਮੂਲੀਅਤ ਤੋਂ ਬਚ ਨਹੀਂ ਸਕਦੇ।ਦਰਬਾਰੀ ਇਤਿਹਾਸਕਾਰ ਪੇਸ਼ੇ ਦੀ ਨੈਤਿਕਤਾ ਨੂੰ ਨਜ਼ਰਅੰਦਾਜ਼ ਕਰਦੇ ਹੋਏ ਅਤੀਤ ਨੂੰ ਤੋੜ-ਮਰੋੜ ਦਿੰਦੇ ਹਨ। ਆਪਣੀ ਕਲਾ ਦਾ ਜਾਣੂ ਇਤਿਹਾਸਕਾਰ ਜ਼ਰੂਰ ਉਨ੍ਹਾਂ ਵੱਖ ਵੱਖ ਘਟਨਾਵਾਂ ਨੂੰ ਦਰਜ ਕਰਨ ਦਾ ਖਿ ?ਆਲ ਰੱਖੇਗਾ ਜਿਨ੍ਹਾਂ ਨਾਲ ਅਤੀਤ ਬਣਦਾ ਹੈ: ਜਿਨ੍ਹਾਂ ਵਿਚ ਸ਼ਾਮਲ ਹਨ ਵਿਰੋਧਾਭਾਸ, ਦਬਦਬਾ ਅਤੇ ਵਿਰੋਧ। ਮਹਿਜ਼ ਸੱਤਾ ਦੀ ਸੇਵਾ ਕਰਨ ਵਾਲੇ ਇਤਿਹਾਸਕਾਰ ਅਜਿਹਾ ਇਤਿਹਾਸ ਲਿਖਦੇ ਹਨ ਜਿਵੇਂ ਉਸ ਨੂੰ ਪਰੀ ਕਹਾਣੀਆਂ ਵਿਚੋਂ ਲਿਆ ਹੋਵੇ। 26 ਨਵੰਬਰ ਨੂੰ ਸੰਵਿਧਾਨ ਦਿਵਸ ਨੂੰ 'ਭਾਰਤ: ਲੋਕਤੰਤਰ ਕੀ ਜਨਨੀ' ਵਜੋਂ ਮਨਾਉਣ ਬਾਬਤ ਸਰਕਾਰੀ ਹੁਕਮਾਂ ਨਾਲ ਦਿੱਤੇ ਇੰਡੀਅਨ ਕੌਂਸਲ ਆਫ ਹਿਸਟੌਰੀਕਲ ਰਿਸਰਚ (ਆਈਸੀਐੱਚਆਰ) ਦੇ ਸੰਕਲਪ ਪੱਤਰ ਦੀ ਬਿਲਕੁਲ ਇਹੋ ਸਮੱਸਿਆ ਹੈ। ਸਾਨੂੰ ਦੱਸਿਆ ਜਾਂਦਾ ਹੈ ਕਿ ਪੁਰਾਤਨ ਸਮਿਆਂ ਤੋਂ ਲੋਕ ਗ੍ਰਾਮੀਣ (ਪੇਂਡੂ) ਗਣਰਾਜਾਂ ਵਿਚ ਖ਼ੁਦ ਹਕੂਮਤ ਚਲਾਉਂਦੇ ਸਨ। ਇਸੇ ਲੋਕਤੰਤਰੀ ਸਿਆਸੀ ਸੰਸਥਾ ਨੇ ਸ਼ਾਨਦਾਰ ਹਿੰਦੂ ਸੱਭਿਅਤਾ ਨੂੰ ਹਮਲਾਵਰਾਂ ਤੇ ਬਸਤੀਵਾਦੀਆਂ ਤੋਂ ਬਚਾਈ ਰੱਖਿਆ ਹੈ। ਇਨ੍ਹਾਂ ਇਤਿਹਾਸਕਾਰਾਂ ਲਈ ਇਤਿਹਾਸ ਅਜਿਹੀਆਂ ਘਟਨਾਵਾਂ ਦੀ ਸੁਚਾਰੂ ਰੂਪ ਵਿਚ ਉਜਾਗਰ ਹੋਣ ਵਾਲੀ ਵਾਰਤਾ ਹੈ ਜਿਹੜੀਆਂ ਕਿਸੇ ਵੀ ਅੰਦਰੂਨੀ ਜਾਂ ਬਾਹਰੀ ਕਾਰਕ, ਜਿਵੇਂ ਗਿਆਨ ਪ੍ਰਣਾਲੀਆਂ ਵਿਚਲੀਆਂ ਧਰਤ ਕੰਬਾਊ ਤਬਦੀਲੀਆਂ, ਪਰਵਾਸ ਦੀਆਂ ਲਹਿਰਾਂ ਜਿਹੜੀਆਂ ਦੋ ਸੱਭਿਆਚਾਰਾਂ ਦੇ ਰਲੇਵੇਂ ਦਾ ਕਾਰਨ ਬਣੀਆਂ, ਸਮਾਜ ਨੂੰ ਸਮਝਣ ਸਬੰਧੀ ਨਵੇਂ ਤਰੀਕਿਆਂ ਦੀਆਂ ਖੋਜਾਂ, ਸਿਆਸੀ ਕਾਢਾਂ ਤੇ ਸਿਆਸੀ ਅਦਾਰੇ, ਗ਼ਲਬੇ ਦੇ ਨਵੇਂ ਰੂਪ ਤੇ ਵਿਰੋਧ ਦੇ ਨਵੇਂ ਰੂਪ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਨਹੀਂ ਹਨ। ਉਨ੍ਹਾਂ ਦਾ ਇਰਾਦਾ ਭਾਰਤ ਨੂੰ ਅਤਿ-ਪ੍ਰਾਚੀਨ ਕਾਲ ਤੋਂ ਹੀ ਰਾਸ਼ਟਰ ਵਜੋਂ ਪੇਸ਼ ਕਰਨਾ ਹੈ, ਇਸ ਦੇ ਬਾਵਜੂਦ ਕਿ ਰਾਸ਼ਟਰ ਦੀ ਧਾਰਨਾ ਹੀ 18ਵੀਂ ਸਦੀ ਵਿਚ ਫਰਾਂਸ ਤੇ ਇਟਲੀ ਵਿਚ ਪੈਦਾ ਹੋਈ। ਉਨ੍ਹਾਂ ਦਾ ਦੂਜਾ ਮਕਸਦ ਮੁਲਕ ਵਿਚ ਮੁਗ਼ਲਾਂ ਦੇ ਇਮਾਰਤਸਾਜ਼ੀ, ਚਿੱਤਰਕਾਰੀ, ਭਾਸ਼ਾ, ਕਵਿਤਾ, ਸੱਭਿਆਚਾਰ, ਪਕਵਾਨ, ਅਦਬ-ਅਦਾਬ ਅਤੇ ਗਿਆਨ ਬਾਰੇ ਹਰ ਤਰ੍ਹਾਂ ਦੇ ਯੋਗਦਾਨ ਨੂੰ ਮਿਟਾ ਦੇਣਾ ਹੈ। ਤੀਜਾ ਮੰਤਵ ਸਾਡੇ ਆਜ਼ਾਦੀ ਸੰਘਰਸ਼ ਦੇ ਯੋਗਦਾਨ ਅਤੇ ਨਾਲ ਹੀ ਸਾਡੇ ਸੰਵਿਧਾਨ ਦੇ ਜਮਹੂਰੀਅਤ ਵਿਚ ਯੋਗਦਾਨ ਨੂੰ ਨਸ਼ਟ ਕਰ ਦੇਣਾ ਹੈ। ਇਹ ਸਕੂਲੀ ਬੱਚਾ ਵੀ ਜਾਣਦਾ ਹੈ ਕਿ 1857 ਦੀ ਜਗੀਰੂ ਕੁਲੀਨਾਂ ਦੀ ਅਗਵਾਈ ਵਾਲੀ ਬਗਾਵਤ ਅਤੇ ਆਜ਼ਾਦੀ ਸੰਘਰਸ਼ ਦਰਮਿਆਨ ਬੜਾ ਸਾਫ਼ ਫ਼ਰਕ ਹੈ। ਆਜ਼ਾਦੀ ਸੰਘਰਸ਼ ਜੋ 1885 ਤੋਂ ਸ਼ੁਰੂ ਹੋ ਕੇ ਹੌਲੀ ਹੌਲੀ ਨਾ ਸਿਰਫ਼ ਆਜ਼ਾਦੀ ਤੱਕ ਪੁੱਜਾ ਸਗੋਂ ਜਮਹੂਰੀ ਸੰਵਿਧਾਨਵਾਦ ਤੱਕ ਵੀ ਅੱਪੜਿ ?ਆ। ਸੰਵਿਧਾਨ ਪ੍ਰਾਚੀਨ ਯੂਨਾਨ ਤੋਂ ਹੋਂਦ ਵਿਚ ਹੈ। ਆਧੁਨਿਕ ਸੰਵਿਧਾਨਾਂ ਦੇ ਇਤਿਹਾਸ ਦਾ ਆਗਾਜ਼ 18ਵੀਂ ਸਦੀ ਵਿਚ ਹੋਇਆ। ਅਮਰੀਕਾ ਦਾ ਸੰਵਿਧਾਨ 1787 ਵਿਚ ਫਿਲਾਡੈਲਫੀਆ ਕਨਵੈਨਸ਼ਨ ਵਿਚ ਲਿਖਿਆ ਗਿਆ ਅਤੇ ਇਸ ਨੂੰ ਫਿਰ ਫੈਡਰੇਸ਼ਨ ਕਾਇਮ ਕਰਨ ਵਾਲੇ ਸੂਬਿਆਂ ਦੀ ਬਹੁਗਿਣਤੀ ਵੱਲੋਂ ਪ੍ਰਵਾਨ ਕੀਤਾ ਗਿਆ ਜੋ 1788 ਵਿਚ ਲਾਗੂ ਹੋਇਆ। ਫਰਾਂਸ ਵਿਚ 1789 ਵਿਚ ਬੈਸਟਿਲ ਦੇ ਪਤਨ ਅਤੇ ਫਰਾਂਸੀਸੀ ਇਨਕਲਾਬ ਦੌਰਾਨ ਹੋਂਦ ਵਿਚ ਆਇਆ ਮਨੁੱਖ ਅਤੇ ਸ਼ਹਿਰੀ ਹੱਕਾਂ ਦਾ ਐਲਾਨਨਾਮਾ 1791 ਵਿਚ ਲਾਗੂ ਕੀਤੇ ਗਏ ਸੰਵਿਧਾਨ ਦੀ ਪ੍ਰਸਤਾਵਨਾ ਬਣਿਆ। ਦੋਹਾਂ ਮਾਮਲਿਆਂ ਵਿਚ ਨਵਾਂ ਸੰਵਿਧਾਨ ਪਿਛਲੀ ਹਕੂਮਤ ਦੇ ਤਖ਼ਤਾ ਪਲਟ ਤੋਂ ਬਾਅਦ ਬਣਿਆ; ਅਮਰੀਕਾ ਦੇ ਮਾਮਲੇ ਵਿਚ ਇਹ ਬਸਤੀਵਾਦੀ ਤਾਕਤ ਦਾ ਖ਼ਾਤਮਾ ਸੀ ਅਤੇ ਫਰਾਂਸ ਵਿਚ ਰਾਜਸ਼ਾਹੀ ਨਿਜ਼ਾਮ ਦਾ ਅੰਤ। ਵੀਹਵੀਂ ਸਦੀ ਦੇ ਮੱਧ ਤੱਕ ਆਲਮੀ ਮੰਚ ਉਤੇ ਨਵੇਂ ਬਸਤੀਵਾਦੀ ਮੁਲਕਾਂ ਦੀ ਆਮਦ ਨਾਲ ਤਾਂ ਸੰਵਿਧਾਨਸਾਜ਼ੀ ਦੇ ਮਾਮਲੇ ਵਿਚ ਧਮਾਕੇਦਾਰ ਰੁਝਾਨ ਦੇਖਣ ਨੂੰ ਮਿਲਿਆ। ਬਸਤੀਵਾਦੀ ਦੌਰ ਤੋਂ ਬਾਅਦ ਦਾ ਸੰਸਾਰ ਭਾਰਤ ਵੱਲ ਦੇਖ ਰਿਹਾ ਸੀ ਜਿਥੇ 1950 ਵਿਚ ਜਮਹੂਰੀ ਸੰਵਿਧਾਨ ਅਮਲ ਵਿਚ ਆਇਆ। ਇਹ ਇਸ ਤੱਥ ਦੇ ਬਾਵਜੂਦ ਮੁਕੰਮਲ ਕੀਤਾ ਗਿਆ ਕਿ ਭਾਰਤ ਉਸ ਵਕਤ ਪੱਛਮੀ ਸਿਧਾਂਤਕਾਰਾਂ ਦੀਆਂ ਲੋਕਤੰਤਰ ਸਬੰਧੀ ਤੈਅ ਸ਼ਰਤਾਂ ਜਿਵੇਂ ਸਾਖਰਤਾ, ਮੱਧ ਵਰਗ ਦਾ ਹੋਣਾ, ਆਰਥਿਕ ਭਲਾਈ ਦਾ ਪੱਧਰ, ਸੱਭਿਆਚਾਰਕ ਇਕਰੂਪਤਾ ਅਤੇ ਸ਼ਹਿਰੀ ਸੱਭਿਆਚਾਰ ਨੂੰ ਪੂਰਾ ਨਹੀਂ ਸੀ ਕਰਦਾ। ਆਧੁਨਿਕ ਸੰਵਿਧਾਨ ਪਹਿਲਾਂ ਵਾਲੇ ਸੰਵਿਧਾਨਾਂ ਨਾਲੋਂ ਇਸ ਗੱਲੋਂ ਵੱਖਰੇ ਹਨ ਕਿ ਇਹ ਰਿਆਸਤ/ਸਟੇਟ ਵੱਲੋਂ ਸੱਤਾ ਦੇ ਵਾਜਬ ਤੇ ਜਾਇਜ਼ ਇਸਤੇਮਾਲ ਲਈ ਸ਼ਰਤਾਂ ਤੈਅ ਕਰਦੇ ਹਨ। ਰਿਆਸਤ/ਸਟੇਟ ਦੀਆਂ ਤਾਕਤਾਂ ਸਬੰਧੀ ਤੈਅ ਹੱਦਬੰਦੀਆਂ ਦੇ ਕੇਂਦਰ ਵਿਚ ਹੁੰਦਾ ਹੈ ਸ਼ਹਿਰੀਆਂ ਦੇ ਹੱਕਾਂ ਦਾ ਬਿਲ। ਭਾਰਤੀ ਸੰਵਿਧਾਨ 26 ਨਵੰਬਰ, 1949 ਨੂੰ ਅਪਣਾਇਆ ਗਿਆ ਜੋ ਭਾਰਤੀਆਂ ਵੱਲੋਂ ਭਾਰਤੀਆਂ ਲਈ ਲਿਖਿਆ ਗਿਆ ਸੀ। ਭਾਰਤੀ ਸੰਵਿਧਾਨ ਦੇਸ਼ ਦੇ ਆਜ਼ਾਦੀ ਸੰਘਰਸ਼ ਦੀ ਉਪਜ ਸੀ। ਜੇ ਜਵਾਹਰ ਲਾਲ ਨਹਿਰੂ ਦੇ ਸਮਾਨਤਾਵਾਦ ਅਤੇ ਮਹਾਤਮਾ ਗਾਂਧੀ ਦੀ ਨੈਤਿਕ ਰਾਜਨੀਤੀ ਦੇ ਪਿੱਛੇ ਵੱਡੀ ਗਿਣਤੀ ਵਿਚ ਲਾਮਬੰਦ ਹੋਏ ਭਾਰਤੀ ਲੋਕ ਬਸਤੀਵਾਦ ਤੋਂ ਬਾਅਦ ਦੇ ਪ੍ਰਬੰਧ ਵਿਚ ਬਰਾਬਰੀ, ਆਜ਼ਾਦੀ ਅਤੇ ਨਿਆਂ ਦੇ ਚਾਹਵਾਨ ਨਹੀਂ ਸਨ ਤਾਂ ਉਹ ਹੋਰ ਕਿਸ ਚੀਜ਼ ਦੇ ਚਾਹਵਾਨ ਸਨ: ਕੀ ਕਾਲਪਨਿਕ ਗ੍ਰਾਮੀਣ ਗਣਰਾਜਾਂ ਲਈ ? ਡਾ. ਬੀਆਰ ਅੰਬੇਡਕਰ ਨੇ ਇਸ ਗ੍ਰਾਮੀਣ ਢਾਂਚੇ ਨੂੰ ਕਰੂਰਤਾ, ਜਾਤੀਵਾਦੀ ਭੇਦਭਾਵ ਅਤੇ ਫਿਰਕਾਪ੍ਰਸਤੀ ਦਾ ਗੜ੍ਹ ਕਹਿ ਕੇ ਇਸ ਗੁਮਾਨ ਨੂੰ ਖਾਰਜ ਕਰ ਦਿੱਤਾ ਸੀ। ਇਥੋਂ ਤੱਕ ਕਿ ਸੰਵਿਧਾਨ ਸਭਾ ਵਿਚ ਹੋਏ ਵਿਚਾਰ-ਵਟਾਂਦਰਿਆਂ ਨੂੰ ਸਰਸਰੀ ਨਜ਼ਰ ਨਾਲ ਪੜ੍ਹਨ ਉਤੇ ਹੀ ਸਾਨੂੰ ਭਾਰਤ ਦੀ ਬਹੁਤ ਹੀ ਨਾ-ਬਰਾਬਰੀ ਵਾਲੀ ਸਮਾਜਿਕ ਬਣਤਰ ਨੂੰ ਉਲਟਾ ਦੇਣ ਅਤੇ ਲੋਕਾਂ ਨੂੰ ਲੋਕਤੰਤਰ ਦੇਣ ਦੇ ਸਾਡੇ ਸੰਵਿਧਾਨ ਘਾੜਿ ?ਆਂ ਦੇ ਸੁਪਨਿਆਂ ਦਾ ਪਤਾ ਲੱਗ ਜਾਂਦਾ ਹੈ। ਸਾਡਾ ਵਧੀਆ ਸੰਵਿਧਾਨ ਮੁਲਕ ਦੀ ਵੰਡ ਕਾਰਨ ਪੈਦਾ ਹੋਈ ਤਬਾਹੀ ਤੇ ਮੌਤਾਂ ਦੇ ਮੰਜ਼ਰ ਦੇ ਪਿਛੋਕੜ ਵਿਚ ਲਿਖਿਆ ਗਿਆ ਸੀ। ਇਸ ਦੇ ਬਾਵਜੂਦ, ਸੰਵਿਧਾਨ ਸਭਾ ਦੇ ਪ੍ਰਧਾਨ ਡਾ. ਰਾਜਿੰਦਰ ਪ੍ਰਸਾਦ ਦੇ ਕਹਿਣ ਮੁਤਾਬਕ ਸੰਵਿਧਾਨ ਸਭਾ ਲਈ ਖਾਸ ਫ਼ਤਵਾ ਦਲੇਰੀ, ਦਿਆਲਤਾ, ਉਦਾਰਤਾ, ਸਹਿਣਸ਼ੀਲਤਾ ਅਤੇ ਇਕ-ਦੂਜੇ ਦੇ ਜਜ਼ਬਾਤ ਦਾ ਮਾਣ-ਸਤਿਕਾਰ ਕਰਨ ਦੀ ਭਾਵਨਾ ਨਾਲ ਸੰਵਿਧਾਨ ਦੀ ਸਿਰਜਣਾ ਕਰਨਾ ਸੀ। ਸੰਵਿਧਾਨ ਸਭਾ ਦੇ ਮੈਂਬਰਾਂ ਨੂੰ ਭਰੋਸਾ ਸੀ ਕਿ ਅਜਿਹਾ ਕੀਤਾ ਜਾ ਸਕਦਾ ਹੈ ਪਰ ਕੁਝ ਸ਼ੱਕ-ਸ਼ੁਬਹੇ ਵੀ ਸਨ।

ਡਾ. ਅੰਬੇਡਕਰ ਨੇ ਸੰਵਿਧਾਨ ਦੇ ਖਰੜੇ ਸਬੰਧੀ 25 ਨਵੰਬਰ, 1949 ਨੂੰ ਕੀਤੇ ਆਪਣੇ ਆਖਿ ?ਰੀ ਸੰਬੋਧਨ ਵਿਚ ਸਾਨੂੰ ਚੇਤੇ ਕਰਾਇਆ ਸੀ ਕਿ ਸੰਵਿਧਾਨ ਭਾਵੇਂ ਕਿੰਨਾ ਵੀ ਵਧੀਆ ਕਿਉਂ ਨਾ ਹੋਵੇ ਪਰ ਜਿਨ੍ਹਾਂ ਲੋਕਾਂ ਨੂੰ ਇਸ ਨੂੰ ਲਾਗੂ ਕਰਨ ਦੀ ਜਿ ?ਮੇਵਾਰੀ ਦਿੱਤੀ ਜਾਂਦੀ ਹੈ, ਜੇ ਉਹ ਬਹੁਤ ਮਾੜੇ ਹੋਣ ਤਾਂ ਯਕੀਨਨ ਸੰਵਿਧਾਨ ਵੀ ਮਾੜਾ ਸਾਬਤ ਹੋਵੇਗਾ। ਇਸੇ ਤਰ੍ਹਾਂ ਸੰਵਿਧਾਨ ਭਾਵੇਂ ਕਿੰਨਾ ਵੀ ਮਾੜਾ ਕਿਉਂ ਨਾ ਹੋਵੇ, ਜੇ ਉਸ ਨੂੰ ਅਮਲ ਵਿਚ ਲਿਆਉਣ ਵਾਲੇ ਚੰਗੇ ਹੋਣਗੇ ਤਾਂ ਉਹ ਸੰਵਿਧਾਨ ਚੰਗਾ ਸਾਬਤ ਹੋਵੇਗਾ। ਹਾਕਮ ਜਮਾਤਾਂ ਨੂੰ ਲਾਜ਼ਮੀ ਤੌਰ 'ਤੇ ਇਤਿਹਾਸ ਦਾ ਸਤਿਕਾਰ ਕਰਨਾ ਚਾਹੀਦਾ ਹੈ, ਭਾਵੇਂ ਉਹ ਇਸ ਦਾ ਹਿੱਸਾ ਵੀ ਨਾ ਹੋਣ। ਜੋ ਅੱਜ ਇਤਿਹਾਸ ਦਾ ਨਿਰਾਦਰ ਕਰਦੇ ਹਨ, ਭਲਕੇ ਉਨ੍ਹਾਂ ਦਾ ਵੀ ਨਿਰਾਦਰ ਹੋਵੇਗਾ। ਉਨ੍ਹਾਂ ਵੱਲੋਂ ਸਿਰਜੀਆਂ ਗਈਆਂ ਬਿਹਤਰੀਨ ਯੋਜਨਾਵਾਂ ਨੂੰ ਉਵੇਂ ਹੀ ਉਲਟਾਇਆ ਜਾ ਸਕਦਾ ਹੈ ਜਿਸ ਨੂੰ ਇਤਾਲਵੀ ਸਫੀਰ ਨਿਕੋਲੋ ਮੈਕਿਆਵੈਲੀ ਨੇ ਕਿਸਮਤ ਆਖਿਆ ਹੈ ਜੋ ਕਹਿੰਦੇ ਹਨ: ਕਿਸਮਤ ਬਦਲ ਜਾਂਦੀ ਹੈ ਪਰ ਬੰਦੇ ਆਪਣੇ ਤਰੀਕਿਆਂ ਨਾਲ ਤੈਅ ਹੁੰਦੇ ਹਨ। ਬੰਦੇ ਉਦੋਂ ਕਾਮਯਾਬ ਹੁੰਦੇ ਹਨ ਜਦੋਂ ਉਹ ਇਕਸੁਰਤਾ 'ਚ ਹੋਣ ਅਤੇ ਉਦੋਂ ਨਾਕਾਮ ਹੋ ਜਾਂਦੇ ਹਨ ਜਦੋਂ ਉਨ੍ਹਾਂ ਵਿਚ ਸਹਿਮਤੀ ਨਾ ਹੋਵੇ। ਸਿਆਣਿਆਂ ਲਈ ਉਸ ਦੇ ਸ਼ਬਦ ਸਨ: ਭਲਕ ਲਈ ਇਸ ਗੱਲ ਦਾ ਖਿ ?ਆਲ ਰੱਖੋ ਕਿ ਤੁਸੀਂ ਇਤਿਹਾਸ ਨਾਲ ਕਿਹੋ ਜਿਹਾ ਸਲੂਕ ਕਰਦੇ ਹੋ, ਕਿਸਮਤ ਇਹ ਯਕੀਨੀ ਬਣਾਵੇਗੀ ਕਿ ਇਤਿਹਾਸ ਤੁਹਾਡੇ ਨਾਲ ਵਧੀਆ ਸਲੂਕ ਨਾ ਕਰੇ।

Printed, Published and Owned by Ramanpreet Singh and Printed at The Caseeno Printing Press, Rampura Phul and Published from Monthly Rozana Savera, Guru Nanak Pura Mohalla, Near Vishwash Mandir, Rampua Phul, Distt Bathinda, Punjab
Editor : Ramanpreet Singh
RNI No.PunPun 04267
E-mail : rozanasavera@gmail.com

ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਰਮਨਪ੍ਰੀਤ ਸਿੰਘ ਨੇ ਦਾ ਕਸੀਨੋ ਪ੍ਰਿੰਟਿੰਗ ਪ੍ਰੈਸ, ਰਾਮਪੁਰਾ ਫੂਲ ਤੋਂ ਛਪਵਾ ਕੇ ਗੁਰੂ ਨਾਨਕ ਪੁਰਾ ਮੁਹੱਲਾ, ਨੇੜੇ ਵਿਸ਼ਵਾਸ ਮੰਦਿਰ, ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ ਤੋਂ ਪ੍ਰਕਾਸ਼ਿਤ ਕੀਤਾ।
ਸੰਪਾਦਕ : ਰਮਨਪ੍ਰੀਤ ਸਿੰਘ
ਨੋਟ : ਸੰਪਾਦਕ ਸਿਰਫ ਪੀ ਆਰ ਬੀ ਐਕਟ ਅਧੀਨ ਖ਼ਬਰਾਂ ਲਈ ਜ਼ਿੰਮੇਵਾਰ।
ਕਿਸੇ ਵੀ ਕਿਸਮ ਦੇ ਝਗੜਿਆਂ ਦਾ ਨਿਪਟਾਰਾ ਸਿਰਫ ਬਠਿੰਡਾ ਅਦਾਲਤ ਵਿੱਚ ਹੀ ਹੋਵੇਗਾ।

# ਦੇਸ਼ ਦੀ ਪਹਿਲੀ ਲੜਾਈ ਅੰਬਾਲਾ ਤੋਂ ਸ਼ੁਰੂ ਹੋਈ ਸੀ : ਅਨਿਲ ਵਿੱਜ



**ਚੰਡੀਗੜ੍ਹ, -ਰੋਜ਼ਾਨਾ ਸਵੇਰਾ-**

ਹਰਿਆਣਾ ਦੇ ਗ੍ਰਹਿ ਤੇ ਸਿਹਤ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਅੰਬਾਲਾ ਦੀ ਜਮੀਨ ਪੱਵਿਤਰ ਭੂਮੀ ਹੈ ਅਤੇ ਇੱਥੇ ਤੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਆਜ਼ਾਦੀ ਦੀ ਲੜਾਈ ਇੱਥੇ ਤੋਂ ਸ਼ੁਰੂ ਹੋਈ ਅਤੇ ਬਾਅਦ ਵਿਚ ਹੀ ਦੇਸ਼ ਨੂੰ ਆਜ਼ਾਦੀ ਮਿਲੀ ਅਤੇ ਅੱਜ ਅਸੀਂ ਆਜ਼ਾਦ ਦੇਸ਼ ਵਿਚ ਸਾਂਹ ਲੈ ਰਹੇ ਹਾਂ। ਸ੍ਰੀ ਵਿਜ ਅੰਬਾਲਾ ਛਾਉਣ ਦੇ ਸੁਭਾਸ਼ ਪਾਰਕ ਵਿਚ ਓਪਨ ਏਅਰ ਥਇਏਟਰ ਵਿਚ ਦਾਸਤਾਨ-ਏ-ਅੰਬਾਲਾ ਨਾਟਕ ਤੋਂ ਬਾਅਦ ਹਾਜ਼ਿਰ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਨਾਟਕ ਦੇ ਕਲਾਕਾਰਾਂ ਦੀ ਤਾਲੀਆਂ ਬਜਾ ਕੇ ਸ਼ਲਾਘਾ ਕਰਦੇ ਹੋਏ ਕਿਹਾ ਕਿ ਨਾਟਕ ਵਿਚ ਕਲਾਕਾਰਾਂ ਨੇ ਵਧੀਆ ਐਕਟਿੰਗ ਕਰਦੇ ਹੋਏ ਇਸ ਨੂੰ ਜਿਊਂਦਾ ਕੀਤਾ ਹੈ, ਜਿਸ ਵਿਚ 1857 ਵਿਚ ਕ੍ਰਾਂਤੀ ਦੀ ਸ਼ੁਰੂਆਤ ਅੰਬਾਲਾ ਛਾਉਣ ਤੋਂ ਕਿਵੇਂ ਸ਼ੁਰੂ ਹੋਈ ਇਸ ਨੂੰ ਪੂਰੀ ਤਰ੍ਹਾਂ ਨਾਲ ਦਰਸਾਇਆ ਗਿਆ ਹੈ। ਉਨ੍ਹਾਂ ਨੇ ਅਪੀਲ ਕੀਤੇ ਕਿ ਨਾਟਕ ਨੂੰ ਸਮੁੱਚੇ ਹਰਿਆਣਾ ਵਿਚ ਪ੍ਰਦਰਸ਼ਨ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਲੋਕ ਪਤਾ ਲੱਗ ਸਕੇ ਕਿ 1857 ਦੀ ਕ੍ਰਾਂਤੀ ਅੰਬਾਲਾ ਤੋਂ ਕਿਵੇਂ ਸ਼ੁਰੂ ਹੋਈ। ਗ੍ਰਹਿ ਮੰਤਰੀ ਨੇ ਕਿਹਾ ਕਿ ਨਾਟਕ ਦੇ ਕਲਾਕਾਰਾਂ ਨੇ ਵਧੀਆ ਐਕਟਿੰਗ ਕੀਤੀ ਹੈ ਅਤੇ ਉਹ ਅੰਬਾਲਾ ਛਾਉਣ ਦੀ ਸਾਰੀ ਜਨਤਾ ਵੱਲੋਂ ਕਲਾਕਾਰਾਂ ਦਾ ਧੰਨਵਾਦ ਕਰਦੇ ਹਨ। ਗ੍ਰਹਿ ਮੰਤਰੀ ਨੇ ਕਿਹਾ ਕਿ ਅੰਬਾਲਾ-ਏ-ਦਾਸਤਾਨ ਨਾਟਕ 8 ਦਸੰਬਰ ਤਕ ਚਲੇਗਾ।

ਗ੍ਰਹਿ ਮੰਤਰੀ ਅਨਿਲ ਵਿਜ ਨੇ ਲੋਕਾਂ ਨੂੰ ਸੰਬੋਧਤ ਕਰਦੇ ਹੋਏ ਕਿਹਾ ਕਿ ਇਸ ਨਾਟਕ ਵਿਚ ਅੰਬਾਲਾ ਦੀ ਉਸ ਸਮੇਂ ਕੀ-ਕੀ ਘਟਨਾਵਾਂ ਵਪਾਰੀਆਂ ਅਤੇ ਕਿਵੇਂ ਅੰਬਾਲਾ ਤੋਂ ਆਜ਼ਾਦੀ ਦੀ ਪਹਿਲੀ ਲੜਾਈ ਮੇਰਠ ਤੋਂ 9 ਘੰਟੇ ਪਹਿਲਾਂ ਅੰਬਾਲਾ ਛਾਉਣੀ ਸਥਿਤ 60ਵੀਂ ਨੇਟਿਵ ਇੰਫੇਂਟਰੀ ਤੋਂ ਸ਼ੁਰੂ ਹੋਈ ਇਸ ਦਾ ਪੂਰਾ ਵਰਣਨ ਕੀਤਾ ਹੈ। ਗ੍ਰਹਿ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਆਜ਼ਾਦੀ ਦੀ ਪਹਿਲੀ ਲੜਾਈ ਨੂੰ ਸਮਰਪਿਤ ਸ਼ਹੀਦ ਸਮਾਰਕ ਜੀ.ਟੀ. ਰੋਡ 'ਤੇ ਬਣਾਇਆ ਜਾ ਰਿਹਾ ਹੈ, ਜੋ ਕਿ 400 ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਜਾ ਰਿਹਾ ਹੈ। ਯਾਦਗ਼ਾਰੀ ਵਿਚ ਵੱਖ-ਵੱਖ ਤਰੀਕਿਆਂ ਨਾਲ ਜੰਗੇ-ਏ-ਆਜ਼ਾਦੀ ਨੂੰ ਵਿਖਾਇਆ ਜਾਵੇਗਾ। ਪਹਿਲੇ ਹਿੱਸੇ ਵਿਚ ਅੰਬਾਲਾ ਛਾਉਣ ਵਿਚ ਕ੍ਰਾਂਤੀ ਨੂੰ ਵੱਖ-ਵੱਖ ਢੰਗ ਨਾਲ ਪ੍ਰਦਰਸ਼ਿਤ ਕੀਤਾ ਜਾਵੇਗਾ। ਸਾਨੂੰ ਇਹ ਪੜਾਇਆ ਗਿਆ ਕਿ ਆਜ਼ਾਦੀ ਦੀ ਲੜਾਈ ਕਾਂਗਰਸ ਨੇ ਲੜੀ, ਮਗਰ ਕਾਂਗਰਸ ਦਾ ਜਨਮ 1885 ਵਿਚ ਹੋਇਆ ਸੀ, ਮਗਰ ਉਸ ਨਾਲ 28 ਸਾਲ ਪਹਿਲੇ 1857 ਵਿਚ ਲੋਕਾਂ ਨੇ ਲੜਾਈ ਲੜੀ। ਪਰ ਉਨ੍ਹਾਂ ਨੂੰ ਕਦੇ ਯਾਦ ਨਹੀਂ ਕੀਤਾ ਗਿਆ।

ਗ੍ਰਹਿ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਅਸੀਂ ਇਹ ਸੱਭ ਜਾਣਨ ਲਈ ਹਿੰਦੂਸਤਾਨ ਦੇ 6 ਮੁੱਖ ਇਤਿਹਾਸਕਾਰਾਂ ਦੀ ਕਮੇਟੀ ਬਣਾਈ, ਜਿਸ ਵਿਚ ਅੰਬਾਲਾ ਦੇ 2 ਇਤਿਹਾਸਕਾਰਾਂ ਨੂੰ ਜਿੰਨ੍ਹਾਂ ਵਿਚ ਪ੍ਰੋ.ਯੂਵੀ ਸਿੰਘ ਤੇ ਤੇਜਿੰਦਰ ਸਿੰਘ ਵਾਲਿਆ ਨੂੰ ਸ਼ਾਮਿਲ ਕੀਤਾ ਹੈ, ਜੋ ਕਿ ਇਕ-ਇਕ ਤੱਥ ਨੂੰ ਕੱਢ ਦੇ ਸ਼ਹੀਦ ਯਾਦਗਾਰ ਵਿਚ ਪ੍ਰਦਰਸ਼ਿਤ ਕਰੇਗਾ। 1857 ਦੀ ਕ੍ਰਾਂਤੀ ਵਿਚ ਰੋਟੀ ਅਤੇ ਕਮਲ ਦੇ ਫੁੱਲ ਦਾ ਮਹੱਤਵ ਸੀ ਅਤੇ ਸ਼ਹੀਦੀ ਯਾਦਗ਼ਾਰ ਵਿਚ 70 ਫੁੱਟ ਉੱਚਾ ਕਮਲ ਦਾ ਫੁੱਲ ਬਣਾਇਆ ਜਾਵੇਗਾ। ਸ਼ਹੀਦੀ ਅਜਾਇਬਘਰ ਵਿਚ 85 ਫੀਸਦੀ ਸਿਵਲ ਕੰਮ ਪੂਰੇ ਹੋ ਚੁੱਕੇ ਹਨ, ਜਦੋਂ ਕਿ ਆਰਟ ਵਰਕ ਦੇ ਜਲਦ ਟੈਂਡਰ ਹੋਣਗੇ।

# ਹਰਿਆਣਾ ਦੇ ਮੁੱਖ ਮੰਤਰੀ ਨੇ ਲੋਕਾਂ ਤੋਂ ਸਮਾਜ ਦੀ ਭਲਾਈ ਲਈ ਕੰਮ ਕਰਨ ਦੀ ਅਪੀਲ ਕੀਤੀ



**ਚੰਡੀਗੜ੍ਹ, -ਰੋਜ਼ਾਨਾ ਸਵੇਰਾ-**

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਹਰਿਆਣਾ ਰਾਜ ਉੱਚੇਰੀ ਸਿੱਖਿਆ ਪਰਿਸ਼ਦ ਦੇ ਮੈਂਬਰ ਸੇਵਾਮੁਕਤ ਪ੍ਰੋਫੈਸਰ ਦੀ ਅਪੀਲ ਕੀਤੀ ਹੈ ਕਿ ਉਹ ਸੇਵਾ ਭਾਵ ਨਾਲ ਜੁੜ ਕੇ ਸਮਾਜ ਦੀ ਭਲਾਈ ਲਈ ਕੰਮ ਕਰਨ। ਸਮਾਜ ਸੇਵਾ ਵਿਚ ਰੂਚੀ ਰੱਖਣ ਵਾਲੇ ਵਿਅਕਤੀਆਂ ਲਈ ਹੀ ਸਰਕਾਰ ਨੇ ਸਮਰਪਣ ਪੋਟਰਲ ਬਣਾਇਆ ਹੈ, ਜਿਸ 'ਤੇ ਵਿਅਕਤੀ ਖੁਦ ਨੂੰ ਰਜਿਸਟਰਡ ਕਰਕੇ ਸਮਾਜਿਕ ਕੰਮਾਂ ਵਿਚ ਸਰਕਾਰ ਦਾ ਸਹਿਯੋਗ ਕਰ ਸਕਦਾ ਹੈ।

ਮੁੱਖ ਮੰਤਰੀ ਗੁਰੂਗ੍ਰਾਮ ਵਿਚ ਆਯੋਜਿਤ ਹਰਿਆਣਾ ਰਾਜ ਉੱਚ ਸਿੱਖਿਆ ਪਰਿਸ਼ਦ ਦੇ ਵਿਚਾਰ-ਵਟਾਂਰਦਾ ਪ੍ਰੋਗ੍ਰਾਮ ਵਿਚ ਸ਼ਾਮਿਲ ਹੋਏ ਅਤੇ ਪਰਿਸ਼ਦ ਦੇ ਮੈਂਬਰ ਸੇਵਾਮੁਕਤ ਪ੍ਰੋਫੈਸਰਾਂ ਨਾਲ ਗਲਬਾਤ ਕੀਤੀ।

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਸਰਕਾਰੀ ਪੱਧਰ 'ਤੇ ਭੌਤਿਕ ਵਿਕਾਸ ਅਤੇ ਜਨ ਸਹੂਲਤਾਂ ਮਹੁੱਇਆ ਕਰਵਾਉਣ ਲਈ ਬਹੁਤ ਵੱਡਾ ਅਮਲਾ ਹੈ। ਸਮਾਜਿਕ ਪੱਧਰ ਉੱਚਾ ਚੁੱਕਣ ਲਈ ਲੋਕਾਂ ਦੀ ਸੋਚ ਬਦਲਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਅਤੇ ਸਮਾਜ ਨੂੰ ਉੱਪਰ ਚੁੱਕਣ ਲਈ ਕੰਮ ਕਰਨ।

ਮੁੱਖ ਮੰਤਰੀ ਨੇ ਕਿਹਾ ਕਿ ਸਮਾਜ ਦੇ ਕਈ ਵਰਗ ਅਤੇ ਨਾਗਰਿਕ ਅਜਿਹੇ ਹਨ ਜੋ ਸਮਾਜ ਲਈ ਬਹੁਤ ਕੁਝ ਕਰਨਾ ਚਾਹੁੰਦੇ ਹਨ, ਲੇਕਿਨ ਉਨ੍ਹਾਂ ਨੂੰ ਇਕ ਪਲੇਟਫਾਰਮ ਨਹੀਂ ਮਿਲਦਾ। ਅਜਿਹੇ ਲੋਕਾਂ ਲਈ ਹੀ ਸੂਬਾ ਸਰਕਾਰ ਨੇ ਸਮਾਜਿਕ ਸਰਕਾਰ੍ ਨ ਤ.ਠ.ਗਬ.ਆਿ.ਗਖ.ਅ.।ਪਰਡ।ਜਅ ਪੋਟਰਲ ਬਣਾਇਆ ਹੈ। ਸਮਾਜਿਕ ਕੰਮਾਂ ਵਿਚ ਰੂਚੀ ਰੱਖਣ ਵਾਲੇ ਵਿਅਕਤੀ ਇਸ ਪੋਟਰਲ 'ਤੇ ਰਜਿਸਟਰੇਸ਼ਨ ਕਰਵਾਸ ਕੇ ਸੇਵਾ ਭਾਵ ਨਾਲ ਲੋਕਾਂ ਦੀ ਭਲਾਈ ਲਈ ਕੰਮ ਕਰ ਸਕਦੇ ਹਨ। ਇਸ ਪੋਟਰਲ 'ਤੇ ਲਗਭਗ 3,000 ਵਾਲਟਿਅਰਾਂ ਨੇ ਰਜਿਸਟਰੇਸ਼ਨ ਕੀਤਾ ਹੈ।

ਉਨ੍ਹਾਂ ਕਿਹਾ ਕਿ ਸਮਾਜ ਸੇਵਾ ਦੇ ਇਸ ਭਾਵ ਨਾਲ ਉੱਚ ਸਿੱਖਿਆ ਪਰਿਸ਼ਦ ਰਾਹੀਂ ਵੀ ਸੇਵਾਮੁਕਤ ਪ੍ਰੋਫੈਸਰਾਂ ਨਾਲ ਸੰਪਰਕ ਕੀਤਾ ਹੈ। ਹੁਣ ਤਕ 150 ਪ੍ਰੋਫੈਸਰਾਂ ਨੇ ਸਮਰਪਣ ਪੋਟਰਲ 'ਤੇ ਰਜਿਸਟਰੇਸ਼ਨ ਕਰਵਾਇਆ ਹੈ।

ਉਨ੍ਹਾਂ ਨੇ ਅਪੀਲ ਕਰਦੇ ਹੋਏ ਕਿਹਾ ਕਿ ਸੇਵਾਮੁਕਤੀ ਤੋਂ ਬਾਅਦ ਬਹੁਤ ਸਾਰੇ ਲੋਕ ਆਪਣੇ ਪਰਿਵਾਰ ਦੀ ਜਿੰਮੇਵਾਰੀਆਂ ਪੂਰੀ ਕਰਨ ਤੋਂ ਬਾਅਦ ਸਮਾਂ ਬਿਤਾਉਂਣ ਲਈ ਸਮਾਜ ਲਈ ਕੁਝ ਕਰਨਾ ਚਾਹੁੰਦੇ ਹਨ, ਉਹ ਸਾਰੇ ਵਿਅਕਤੀ ਇਸ ਪੋਟਰਲ 'ਤੇ ਰਜਿਸਟਰਨ ਕਰਨ ਅਤੇ ਸਰਕਾਰ ਨੂੰ ਸਹਿਯੋਗ ਦੇਣ।

# ਹਰਿਆਣਾ ਸਰਕਾਰ ਨੇ ਪ੍ਰੋਜੈਕਟਾਂ ਵਿਚ ਠੇਕਾ ਸਮਝੌਤਿਆਂ ਵਿਚ ਪਾਰਦਰਸ਼ਤਾ ਲਈ ਜਾਰੀ ਕੀਤੇ ਦਿਸ਼ਾ-ਨਿਰਦੇਸ਼

**ਚੰਡੀਗੜ੍ਹ, -ਰੋਜ਼ਾਨਾ ਸਵੇਰਾ-**

ਹਰਿਆਣਾ ਸਰਕਾਰ ਨੇ ਪ੍ਰੋਜੈਕਟਾਂ ਲਈ ਠੇਕਾ ਸਮਝੌਤਿਆਂ ਵਿਚ ਪਾਰਦਰਸ਼ੀ ਅਤੇ ਇਕ ਬਰਾਬਰ ਢੰਗ ਨਾਲ ਵਾਧੇ ਲਈ ਨਵੇਂ ਸਿਰੇ ਤੋਂ ਦਿਸ਼ਾ-ਨਿਦੇਸ਼ ਜਾਰੀ ਕੀਤੇ ਹਨ।

ਮੁੱਖ ਸਕੱਤਰ ਸੰਜੀਵ ਕੌਸ਼ਲ ਨੇ ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹ ਫੈਸਲਾ ਹਾਲ ਹੀ ਵਿਚ ਸਰਕਾਰ ਦੇ ਧਿਆਨ ਵਿਚ ਇੰਨਹਾਸਮੈਂਟ ਵਾਧੇ ਵਿਚ ਬੇਨਿਯਮੀਆਂ ਦੇ ਕਈ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਕੀਤਾ ਗਿਆ ਹੈ। ਫੈਸਲੇ ਅਨੁਸਾਰ ਢਾਂਚਾਗਤ ਡਿਜਾਇਨ ਅਤੇ ਕੰਮ ਦੇ ਘੇਰੇ ਵਿਚ ਸੋਧ ਦੇ ਮਾਮਲੇ ਵਿਚ ਸਮੱਰਥ ਅਧਿਕਾਰੀ ਫੈਸਲੇ ਲੈਣਗੇ। ਜੇਕਰ ਵੰਡ ਕੰਮ ਦੀ ਲਾਗਤ 1 ਕਰੋੜ ਰੁਪਏ ਤੋਂ ਘੱਟ ਹੈ, ਤਾਂ ਮੌਜੂਦਾ ਵਿਵਸਥਾ ਜਾਰੀ ਰਹਿ ਸਕਦੀ ਹੈ। ਜੇਕਰ ਵੰਡ ਕੰਮ ਦੀ ਲਾਗਤ 1 ਕਰੋੜ ਰੁਪਏ ਤੋਂ ਵੱਧ ਹੈ ਤਾਂ ਇਸ ਸਥਿਤੀ ਵਿਚ 10 ਫੀਸਦੀ ਤਕ ਵਿਭਾਗ ਦੇ ਪ੍ਰਸ਼ਾਸਨਿਕ ਸਕੱਤਰ, 10 ਫੀਸਦੀ ਤੋਂ 20 ਫੀਸਦੀ ਤਕ ਮੁੱਖ ਸਕੱਤਰ ਦੀ ਪ੍ਰਧਾਨਗੀ ਵਾਲੀ ਕਮੇਟੀ, ਜਿਸ ਵਿਚ ਵਿਭਾਗ ਦੇ ਪ੍ਰਸ਼ਾਸਨਿਕ ਸਕੱਤਰ ਬਤੌਰ ਮੈਂਬਰ ਸਕੱਤਰ ਸ਼ਾਮਿਲ ਹਨ, ਫੈਸਲਾ ਲੇਵੇਗੀ। ਇਸ ਤੋਂ ਇਲਾਵਾ, 20 ਫੀਸਦੀ ਤੋਂ ਵੱਧ ਦੇ ਮਾਮਲੇ ਵਿਚ ਮੁੱਖ ਮੰਤਰੀ ਦੀ ਪ੍ਰਧਾਨਗੀ ਵਾਲੀ ਕੈਬਿਨੇਟ ਸਬ ਕਮੇਟੀ, ਜਿਸ ਵਿਚ ਵਿਭਾਗ ਦੇ ਇੰਚਾਰਜ ਮੰਤਰੀ ਮੈਂਬਰ ਵੱਜੋਂ ਸ਼ਾਮਿਲ ਹੋਣਗੇ, ਉਹ ਫੈਸਲਾ ਕਰੇਗੀ। ਸ੍ਰੀ ਕੌਸ਼ਲ ਨੇ ਦਸਿਆ ਕਿ ਟੈਂਡਰ ਦਰਾਂ, ਠੇਕਾ ਸਮਝੌਤੇ ਵਿਚ ਦਿੱਤੇ ਗਏ ਕੀਮਤ ਸਮਾਯੋਜਨ ਅਤੇ ਵਿਭਾਗੀ ਸਪਲਾਈ ਲਈ ਸਪਲਾਈ ਤੇ ਨਿਪਟਾਨ ਡਾਇਰੈਕਟਰੇਟ ਦੀ ਸਪਲਾਈ ਦਰਾਂ ਵਿਚ ਬਦਲਾਅ ਦੇ ਕਾਰਣ ਪਰਿਯੋਜਨਾ ਦੀ ਲਾਗਤ ਵਿਚ ਵਾਧੇ ਦੇ ਸਬੰਧ ਵਿਚ ਮੌਜੂਦਾ ਪ੍ਰਣਾਲੀ ਜਾਰੀ ਰਹੇਗੀ।ਮੁੱਖ ਸਕੱਤਰ ਨੇ ਦਸਿਆ ਕਿ ਇਸ ਸਬੰਧ ਵਿਚ ਸਾਰੇ ਪ੍ਰਸ਼ਾਸਨਿਕ ਸਕੱਤਰਾਂ, ਅੰਬਾਲਾ, ਹਿਸਾਰ, ਰੋਹਤਕ, ਗੁਰੂਗ੍ਰਾਮ, ਕਰਨਾਲ ਅਤੇ ਫਰੀਦਾਬਾਦ ਮੰਡਲਾਂ ਦੇ ਕਮਿਸ਼ਨਰਾਂ, ਵਿਭਾਗ ਮੁੱਖੀਆਂ, ਬੋਰਡਾਂ, ਨਿਗਮਾਂ, ਸੰਗਠਨਾਂ ਦੇ ਮੁੱਖ ਪ੍ਰਸ਼ਾਸਕਾਂ, ਪ੍ਰਬੰਧ ਨਿਦੇਸ਼ਕਾਂ, ਪੰਚਾਇਤੀ ਰਾਜ ਸੰਸਥਾਵਾਂ, ਸਥਾਨਕ ਸਰਕਾਰਾਂ ਅਤੇ ਜਿਲਾ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਜਾਰੀ ਕਰਕੇ ਨਿਦੇਸ਼ ਜਾਰੀ ਕੀਤੇ ਗਏ ਹਨ। ਇਹ ਨਿਰਦੇਸ਼ ਜਾਰੀ ਹੋਣ ਦੀ ਮਿਤੀ ਨਾਲ ਤੁਰੰਤ ਪ੍ਰਭਾਵ ਨਾਲ ਸਖਤ ਪਾਲਣਾ ਯਕੀਨੀ ਕੀਤੀ ਜਾਵੇਗੀ।

# ਸ਼ਹੀਦੀ ਸਭਾ ਮੌਕੇ 25 ਤੇ 26 ਦਸੰਬਰ ਨੂੰ ਆਮ ਖਾਸ ਬਾਗ ਵਿਖੇ ਹੋਵੇਗੀ ਇਤਿਹਾਸਕ ਨਾਟਕਾਂ ਦੀ ਪੇਸ਼ਕਾਰੀ

**ਫ਼ਤਹਿਗੜ੍ਹ ਸਾਹਿਬ, -ਰੋਜ਼ਾਨਾ ਸਵੇਰਾ-**

ਦਸਮਪਿਤਾ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ 26 ਤੋਂ 28 ਦਸੰਬਰ ਤੱਕ ਆਯੋਜਿਤ ਕੀਤੀ ਜਾਣ ਵਾਲੀ ਸ਼ਹੀਦੀ ਸਭਾ ਦੌਰਾਨ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਆਉਣ ਵਾਲੀਆਂ ਸੰਗਤਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਸ਼ਹੀਦੀ ਸਭਾ ਦੌਰਾਨ ਸੁਚੱਜੇ ਪ੍ਰਬੰਧ ਕਰਕੇ ਸੰਗਤਾਂ ਦੀ ਸਹੂਲਤ ਦਾ ਖਾਸ ਧਿਆਨ ਰੱਖਿਆ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਨੇ ਬੱਚਤ ਭਵਨ ਵਿਖੇ ਸ਼ਹੀਦੀ ਸਭਾ ਦੇ ਅਗੇਤੇ ਪ੍ਰਬੰਧਾਂ ਸਬੰਧੀ ਕੀਤੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ।

# ਪੰਜਾਬ ਸਰਕਾਰ ਨੇ ਹੁਣ ਤੱਕ ਕਿਸਾਨ ਸੰਘਰਸ਼ ਦੌਰਾਨ ਸ਼ਹੀਦ ਹੋਏ 634 ਕਿਸਾਨਾਂ ਦੇ ਵਾਰਿਸਾਂ ਨੂੰ 31 ਕਰੋੜ 70 ਲੱਖ ਰੁਪਏ ਜਾਰੀ ਕੀਤੇ: ਕੁਲਦੀਪ ਸਿੰਘ ਧਾਲੀਵਾਲ

- ਕਿਸਾਨਾਂ ਦੇ 326 ਵਾਰਿਸਾਂ ਨੂੰ ਸਰਕਾਰੀ ਨੌਕਰੀ ਦਿੱਤੀ, 98 ਨੌਕਰੀਆਂ ਲਈ ਵੈਰੀਫਿਕੇਸ਼ਨ ਮੁਕੰਮਲ ਅਤੇ 210 ਪ੍ਰਕਿਰਿਆ ਅਧੀਨ
- ਪੰਜਾਬ ਸਰਕਾਰ ਕੇਂਦਰ ਸਰਕਾਰ ਨੂੰ ਕਿਸਾਨ ਸੰਘਰਸ਼ ਦੌਰਾਨ ਪ੍ਰਵਾਨ ਕੀਤੀਆਂ ਮੰਗਾਂ ਨੂੰ ਛੇਤੀ ਅਮਲੀ ਰੂਪ ਦੇਣ ਲਈ ਪੱਤਰ ਲਿਖੇਗੀ
- ਖੇਤੀਬਾੜੀ ਮੰਤਰੀ ਨੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨਾਲ ਕੀਤੀ ਮੀਟਿੰਗ, ਕਿਸਾਨਾਂ ਨੂੰ ਆਪਣੇ ਸੰਘਰਸ਼ ਵਾਪਸ ਲੈਣ ਦੀ ਵੀ ਕੀਤੀ ਅਪੀਲ



**ਚੰਡੀਗੜ੍ਹ, -ਰੋਜ਼ਾਨਾ ਸਵੇਰਾ-**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਹੁਣ ਤੱਕ ਕਿਸਾਨ ਸੰਘਰਸ਼ ਦੌਰਾਨ ਸ਼ਹੀਦ ਹੋਏ 634 ਕਿਸਾਨਾਂ ਦੇ ਵਾਰਿਸਾਂ ਨੂੰ 5 ਲੱਖ ਰੁਪਏ ਦੇ ਹਿਸਾਬ ਨਾਲ ਕੁੱਲ 31 ਕਰੋੜ 70 ਲੱਖ ਰੁਪਏ ਜਾਰੀ ਕੀਤੇ ਹਨ। ਇਸੇ ਤਰ੍ਹਾਂ ਕਿਸਾਨਾਂ ਦੇ 326 ਵਾਰਿਸਾਂ ਨੂੰ ਵੱਖ-ਵੱਖ ਵਿਭਾਗਾਂ ਵਿੱਚ ਸਰਕਾਰੀ ਨੌਕਰੀ ਦਿੱਤੀ ਜਾ ਚੁੱਕੀ ਹੈ, 98 ਨੂੰ ਨੌਕਰੀ ਦੇਣ ਲਈ ਵੈਰੀਫਿਕੇਸ਼ਨ ਮੁਕੰਮਲ ਹੋ ਗਈ ਹੈ ਜਦਕਿ 210 ਹੋਰਾਂ ਨੂੰ ਸਰਕਾਰੀ ਨੌਕਰੀ ਦੇਣ ਲਈ ਪ੍ਰਕਿਰਿਆ ਮੁਕੰਮਲ ਕੀਤੀ ਜਾ ਰਹੀ ਹੈ।

ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਇੱਥੇ ਪੰਜਾਬ ਭਵਨ ਵਿਖੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਸਤਨਾਮ ਸਿੰਘ ਪੰਨੂ ਅਤੇ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਦੀ ਅਗਵਾਈ 'ਚ ਆਏ ਵਫ਼ਦ ਨਾਲ ਮੁਲਾਕਾਤ ਦੌਰਾਨ ਇਹ ਜਾਣਕਾਰੀ ਦਿੱਤੀ।

ਉਨ੍ਹਾਂ ਕਿਸਾਨਾਂ ਦੀ ਮੰਗ ਨਾਲ ਸਹਿਮਤੀ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਕੇਂਦਰ ਨੂੰ ਕਿਸਾਨ ਸੰਘਰਸ਼ ਦੌਰਾਨ ਪ੍ਰਵਾਨ ਕੀਤੀਆਂ ਮੰਗਾਂ ਨੂੰ ਛੇਤੀ ਅਮਲੀ ਰੂਪ ਦੇਣ ਸਬੰਧੀ ਪੱਤਰ ਲਿਖੇਗੀ।

ਸ. ਧਾਲੀਵਾਲ ਨੇ ਭਾਰਤ ਮਾਲਾ ਯੋਜਨਾ ਤਹਿਤ ਬਣਾਏ ਜਾ ਰਹੇ ਹਾਈਵੇਜ਼ ਵਿੱਚ ਕਿਸਾਨਾਂ ਦੀਆਂ ਆ ਰਹੀਆਂ ਜ਼ਮੀਨਾਂ ਸਬੰਧੀ ਮੌਕੇ 'ਤੇ ਮੌਜੂਦ ਹਾਈਵੇਅ ਨਾਲ ਸਬੰਧਤ ਅਧਿਕਾਰੀ ਨੂੰ ਕਿਹਾ ਕਿ ਜ਼ਮੀਨਾਂ ਦੇ ਰੇਟ ਨਿਰਧਾਰਤ ਕਰਨ ਸਬੰਧੀ ਇਕਸਾਰਤਾ ਵਾਲੀ ਨੀਤੀ ਅਪਣਾਈ ਜਾਵੇ। ਉਨ੍ਹਾਂ ਨੇ ਕਿਸਾਨਾਂ ਤੋਂ ਹਾਈਵੇਅ ਲਈ ਲਈਆਂ ਜਾ ਰਹੀਆਂ ਜ਼ਮੀਨਾਂ ਨਾਲ ਸਬੰਧਤ ਡਵੀਜ਼ਨਲ ਕਮਿਸ਼ਨਾਂ ਕੋਲ ਪਏ ਕੇਸਾਂ ਤੇ ਅਪੀਲਾਂ ਨੂੰ ਨਿਰਧਾਰਤ ਸਮਾਂ ਸੀਮਾਂ ਅੰਦਰ ਹੱਲ ਕਰਾਉਣ ਲਈ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਵੀ ਦਿੱਤੇ।

ਖੇਤੀਬਾੜੀ ਮੰਤਰੀ ਨੇ ਕਿਸਾਨਾਂ ਵੱਲੋਂ ਉਠਾਈ ਗੰਨੇ ਦੇ ਭਾਅ, ਰੈਡ ਐਂਟਰੀਆਂ, ਕਿਸਾਨਾਂ 'ਤੇ ਪਏ ਕੇਸ ਵਾਪਸ ਲੈਣ ਸਹਿਕਾਰੀ ਤੇ ਨਿੱਜੀ ਮਿੱਲਾਂ ਦੇ ਬਕਾਏ, ਹੜ੍ਹਾਂ ਦੇ ਹੋਰ ਕੁਦਰਤੀ ਆਫ਼ਤਾਂ ਕਾਰਨ ਫਸਲਾਂ ਦੇ ਖਰਾਬੇ ਦੇ ਮੁਆਵਜੇ ਸਮੇਤ ਹੋਰਨਾਂ ਮੰਗਾਂ ਸਬੰਧੀ ਮੌਕੇ 'ਤੇ ਹੀ ਸਬੰਧਤ ਅਧਿਕਾਰੀਆਂ ਤੋਂ ਪ੍ਰਗਤੀ ਰਿਪੋਰਟ ਲਈ ਅਤੇ ਕਿਸਾਨਾਂ ਨਾਲ ਸਾਂਝੀ ਕੀਤੀ।

ਉਨ੍ਹਾਂ ਨੇ ਕਿਸਾਨਾਂ ਨੂੰ ਦੱਸਿਆ ਕਿ ਛੇਤੀ ਹੀ ਪੰਜਾਬ ਦੀ ਖੇਤੀਬਾੜੀ ਨੀਤੀ ਤਿਆਰ ਕਰ ਲਈ ਜਾਵੇਗੀ ਅਤੇ ਜ਼ਿਆਦਾਤਰ ਮਸਲੇ ਨਵੀਂ ਨੀਤੀ ਅਮਲ 'ਚ ਆਉਣ ਨਾਲ ਹੱਲ ਹੋ ਜਾਣਗੇ। ਸ. ਧਾਲੀਵਾਲ ਨੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਮੈਂਬਰਾਂ ਨੂੰ ਆਪਣਾ ਸੰਘਰਸ਼ ਵਾਪਸ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਉਨ੍ਹਾਂ ਦੀ ਆਪਣੀ ਸਰਕਾਰ ਹੈ ਅਤੇ ਕਿਸਾਨਾਂ ਦੇ ਮਸਲੇ ਹੱਲ ਕਰਨ ਲਈ ਲਗਾਤਾਰ ਯਤਨਸ਼ੀਲ ਹੈ।

ਇਸ ਮੌਕੇ ਏ.ਡੀ.ਜੀ.ਪੀ. ਕਾਨੂੰਨ ਤੇ ਵਿਵਸਥਾ ਸ੍ਰੀ ਅਰਪਿਤ ਸ਼ੁਕਲਾ, ਪ੍ਰਮੁੱਖ ਸਕੱਤਰ ਖੇਤੀਬਾੜੀ ਸ੍ਰੀ ਡੀ. ਕੇ. ਤਿਵਾੜੀ, ਪ੍ਰਮੁੱਖ ਸਕੱਤਰ ਪਸ਼ੂ ਪਾਲਣ ਸ੍ਰੀ ਵਿਕਾਸ ਪ੍ਰਤਾਪ, ਸਕੱਤਰ ਖੇਤੀਬਾੜੀ ਸ. ਅਰਸ਼ਦੀਪ ਸਿੰਘ ਥਿੰਦ, ਡਿਪਟੀ ਕਮਿਸ਼ਨਰ ਤਰਨਤਾਰਨ ਸ੍ਰੀ ਰਿਸ਼ੀਪਾਲ, ਕਮਿਸ਼ਨਰ ਪੁਲੀਸ ਅੰਮ੍ਰਿਤਸਰ ਸ. ਜਸਕਰਨ ਸਿੰਘ ਅਤੇ ਡਾਇਰੈਕਟਰ ਖੇਤੀਬਾੜੀ ਸ. ਗੁਰਵਿੰਦਰ ਸਿੰਘ ਤੋਂ ਇਲਾਵਾ ਪੰਜਾਬ ਦੇ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਸੀਨੀਅਰ ਅਧਿਕਾਰੀ ਹਾਜ਼ਰ ਸਨ।

**Office of Nagar Panchyat Bhai Rupa (Bathinda)**

**ਦਫਤਰ ਨਗਰ ਪੰਚਾਇਤ ਭਾਈ ਰੂਪਾ (ਬਠਿੰਡਾ)**

**ਇਸ਼ਤਿਹਾਰ**

** ਨਗਰ ਪੰਚਾਇਤ ਭਾਈ ਰੂਪਾ ਸਰਕਾਰ ਦੀਆਂ ਹਦਾਇਤਾਂ ਅਤੇ ਪ੍ਰੋਟੋਕਾਲ ਅਨੁਸਾਰ ODF++ ਅਤੇ GFC 1 ਸਟਾਰ ਦੀਆਂ ਸਰਤਾਂ ਪੂਰੀਆਂ ਕਰਦੀ ਹੈ। ਇਸ ਲਈ ਨਗਰ ਪੰਚਾਇਤ ਨੂੰ ODF++ ਅਤੇ GFC 1 ਸਟਾਰ ਘੋਸ਼ਿਤ ਕੀਤਾ ਗਿਆ ਹੈ। ਇਸ ਲਈ ਜੇਕਰ ਕਿਸੇ ਵਿਆਕਤੀ/ਸੰਸਥਾਂ ਨੂੰ ਸ਼ਹਿਰ ਨੂੰ ODF++ ਅਤੇ GFC 1 ਘੋਸ਼ਿਤ ਕਰਨ ਤੇ ਕੋਈ ਇਤਰਾਜ ਹੈ ਤਾਂ ਇਸ ਨੋਟਿਸ ਦੇ ਛਪਣ ਤੋਂ 07 ਦਿਨ ਦੇ ਅੰਦਰ-ਅੰਦਰ ਕਾਰਜ ਸਾਧਕ ਅਫਸਰ ਨਗਰ ਪੰਚਾਇਤ ਭਾਈ ਰੂਪਾ ਦੇ ਦਫਤਰ ਦਸਤੀ ਤੌਰ ਤੇ ਭੇਜ ਸਕਦਾ ਹੈ। ਇਸ ਸਮੇਂ ਤੋਂ ਬਆਦ ਪ੍ਰਾਪਤ ਹੋਏ ਇਤਰਾਜ/ਸੁਝਾਉ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।

ਸਹੀ/-
ਕਾਰਜ ਸਾਧਕ ਅਫਸਰ
ਨਗਰ ਪੰਚਾਇਤ ਭਾਈ ਰੂਪਾ

# ਪਾਵਰਕੌਮ ਅਤੇ ਟਰਾਂਸਕੋ ਪੈਨਸ਼ਨਰ ਯੂਨੀਅਨ ਰਜਿਸਟਰਡ ਪੰਜਾਬ ਦੇ ਪੈਨਸ਼ਨਰਜ ਵਲੋਂ ਵੱਡੀ ਗਿਣਤੀ ਵਿੱਚ ਕਾਲੇ ਚੋਲੇ ਪਾ ਕੇ ਕੀਤਾ ਜ਼ੋਰਦਾਰ ਮੁਜਾਹਰਾ ਅਤੇ ਅਗਲੇ ਸੰਘਰਸ਼ ਦਾ ਐਲਾਨ

ਪਟਿਆਲਾ,
-ਰੋਜ਼ਾਨਾ ਸਵੇਰਾ-

ਪਾਵਰਕੌਮ ਅਤੇ ਟਰਾਸਕੋ ਪੈਨਸ਼ਨਰ ਯੂਨੀਅਨ ਰਜਿਸਟਰਡ ਪੰਜਾਬ ਦੇ ਪੈਨਸ਼ਨਰਜ ਵਲੋਂ ਵੱਡੀ ਗਿਣਤੀ ਵਿੱਚ ਕਾਲੇ ਚੋਲੇ ਪਾਕੇ ਆਪਣੀਆਂ ਮੰਗਾਂ ਸਬੰਧੀ ਪਾਵਰਕੌਮ ਮੈਨੇਜਮੈਂਟ ਦੇ ਖਿਲਾਫ ਇਕ ਧਰਨਾ ਅਤੇ ਮੁਜਾਹਰਾ ਰੋਸ ਵਜੋਂ ਕੀਤਾ। ਪ੍ਰਧਾਨ ਰਾਧੇ ਸ਼ਿਆਮ ਨੇ ਬਲਦੇ ਹੋਏ ਦੱਸਿਆ ਕਿ ਪਾਵਰਕੌਮ ਦੀ ਮੈਨੇਜਮੈਂਟ ਵੱਲੋਂ ਪੈਨਸ਼ਨਰਾਂ ਦੀਆਂ ਮੁੱਖ ਮੰਗਾਂ ਜਿਵੇਂ ਕਿ ਪੰਜਾਬ ਡਿਵੈਲਪਮੈਂਟ ਫੰਡ ਦੇ ਨਾਮ ਤੇ 200 ਰੁਪਏ ਮਹੀਨਾ ਪੈਨਸ਼ਨਰਜ ਦੀ ਜਬਰੀ ਕਟੌਤੀ ਬੰਦ ਕਰਨਾ, ਪੈਨਸ਼ਨਰਾਂ ਨੂੰ ਐਕਸਗ੍ਰੇਸੀਆ 5 ਲੱਖ ਰੁਪਏ ਪੰਜਾਬ ਸਰਕਾਰ ਵੱਲੋਂ ਜਾਰੀ ਸਰਕੂਲਰ ਨੂੰ ਪਾਵਰਕੌਮ ਦੀ ਮੈਨੇਜਮੈਂਟ ਵੱਲੋਂ ਅਪਣਾ ਕੇ ਵੀ ਲਾਗੂ ਨਾ ਕਰਨਾ, 23 ਸਾਲਾਂ ਪ੍ਰਮੋਸ਼ਨ ਸਕੇਲ ਪੈਨਸ਼ਨਰਾਂ ਤੇ ਬਿਨਾਂ ਸ਼ਰਤ ਲਾਗੂ ਨਾ ਕਰਨਾ , ਪੇ ਬੈਂਡ ਮਿਤੀ 01/12/2011 ਤੋਂ ਲਾਗੂ ਕਰਨਾ, ਮਿਤੀ 01/01/2016 ਤੋਂ ਪਹਿਲਾਂ ਰਿਟਾਇਰੀਆ ਉਤੇ 2.59 ਦਾ ਗੁਣਾਂਕ ਲਾਗੂ ਕਰਨ, ਮਿਤੀ 01/01/2016 ਤੋਂ ਬਾਅਦ ਰਿਟਾਇਰੀਆ ਦੀ ਪੈਨਸ਼ਨ ਰਵਾਈਜ਼ ਕਰਨ ਦੇ ਆਰ ਪੀ ਉ ਜਾਰੀ ਨਾ ਕਰਨ, ਮੈਡੀਕਲ ਰੀਬਰਸਮੈਂਟ ਦੀ ਸਰਲ ਵਿਧੀ ਲਾਗੂ ਨਾ ਕਰਨ, ਮੈਡੀਕਲ ਕੈਸ਼ਲੈਸ ਸਕੀਮ ਲਾਗੂ ਨਾ ਕਰਨ ਆਦਿ ਮੰਗਾਂ ਸਬੰਧੀ ਪਾਵਰਕੌਮ ਦੀ ਮੈਨੇਜਮੈਂਟ ਦੇ ਨਾਹ ਪੱਖੀਂ ਅਤੇ ਅੜੀਅਲ ਰਵਈਏ ਕਾਰਨ ਮਜਬੂਰਨ ਪਾਵਰਕੌਮ ਪੈਨਸ਼ਨਰ ਯੂਨੀਅਨ ਵੱਲੋ ਕਾਲੇ ਚੋਲੇ ਪਾ ਕੇ ਮੈਨਜਮੈਂਟ ਵਤੀਰੇ ਖਿਲਾਫ ਜੋਰਦਾਰ ਨਾਹਰੇਬਾਜੀ ਅਤੇ ਪਰੋਟੈਸ਼ ?ਟ ਕੀਤਾ ਗਿਆ। ਮਿਤੀ 06-12-2022 ਤੋਂ 25-12-2022 ਤੱਕ ਐਕਸੀਅਨ ਨੂੰ ਮਿਲਕੇ 200 ਰੁਪਏ ਡਿਵੈਲਪਮੈਂਟ ਫੰਡ ਬੰਦ ਕਰਵਾਉਣਾ, 1-01-2023 ਤੋਂ 15-01-2023 ਤੱਕ ਡਵੀਜਨ ਦਫਤਰ ਅੱਗੇ ਰੈਲੀਆਂ/ਧਰਨੇ, 10-12-2022 ਤੋਂ 15-01-2023 ਤੱਕ ਵਿੱਤ ਮੰਤਰੀ ਅਤੇ ਬਿਜਲੀ ਮੰਤਰੀ ਨੂੰ ਮੰਗਾਂ ਸਬੰਧੀ ਮਿਲਣਾ, 16-01-2023 ਤੋਂ 16-02-2023 ਤੱਕ ਸਰਕਲ ਕਨਵੈਨਸ਼ਨਜ਼ ਅਤੇ ਮਾਰਚ ਦੇ ਪਹਿਲੇ ਹਫਤੇ ਹੈਡ ਆਫਿਸ ਪਟਿਆਲਾ ਦੇ ਸਾਹਮਣੇ ਵੱਡਾ ਮੁਜਾਹਰਾ ਕਰਨ ਦਾ ਐਲਾਨ ਕੀਤਾ ਗਿਆ। ਪੈਨਸ਼ਨਰ ਯੂਨੀਅਨ ਦੇ ਸੂਬਾ ਆਗੂਆਂ ਵੱਲੋਂ ਪਾਵਰਕੌਮ ਦੀ ਮੈਨੇਜਮੈਂਟ ਨੂੰ ਚਿਤਾਵਨੀ ਦਿੱਤੀ ਵਿੱਚ ਪਾਵਰਕੌਮ ਟਰਾਸਕੋ ਪੈਨਸ਼ਨਰ ਯੂਨੀਅਨ ਰਜਿ ਪੰਜਾਬ ਦੇ ਸੂਬਾ ਪ੍ਰਧਾਨ ਸਾਥੀ ਰਾਧੇ ਸ਼ਿਆਮ, ਸੂਬਾ ਜਨਰਲ ਸਕੱਤਰ ਸਾਥੀ ਅਮਰੀਕ ਸਿੰਘ ਮਸੀਤਾਂ ਸੂਬਾ ਕਮੇਟੀ ਦੇ ਪ੍ਰਮੁੱਖ ਆਗੂ ਚਮਕੌਰ ਸਿੰਘ, ਤਾਰਾ ਸਿੰਘ ਖੈਹਿਰਾ, ਕੇਵਲ ਸਿੰਘ,ਰਾਮ ਕੁਮਾਰ, ਐਸ ਪੀ ਸਿੰਘ, ਜਗਦੇਵ ਵਾਹੀਆਂ, ਸੁਖਜੰਟ ਸਿੰਘ, ਗੱਜਨ ਸਿੰਘ, ਪਾਲ ਸਿੰਘ ਮੁੰਡੀ, ਜਗਦੀਸ਼ ਸਿੰਘ ਰਾਣਾ, ਇੰਜੀ: ਸੰਤੋਖ ਸਿੰਘ ਬੋਪਾਰਾਏ, ਰਜਿੰਦਰ ਸਿੰਘ ਅਤੇ ਸੂਬਾ ਜੋਨ ਕਮੇਟੀ ਦੇ ਆਗੂ ਬ੍ਰਿਜ ਮੋਹਨ ਸ਼ਰਮਾ, ਗੁਰਮੇਲ ਸਿੰਘ ਨਾਹਰ, ਚਰਨ ਸਿੰਘ ਰਾਜਪੁਰਾ, ਮਲਕੀਤ ਸਿੰਘ ਕੌਰਜੀਵਾਲਾ, ਆਦਿ ਸ਼ਾਮਲ ਹੋਏ।



# ਪੰਜਾਬ ਏਟਕ ਦਾ ਸੂਬਾਈ ਡੈਲੀਗੇਟ ਅਜਲਾਸ ਅੱਜ ਪਟਿਆਲਾ ਵਿਖੇ

ਪਟਿਆਲਾ,
-ਰੋਜ਼ਾਨਾ ਸਵੇਰਾ-

ਪੰਜਾਬ ਏਟਕ ਦੇ ਪ੍ਰਧਾਨ ਕਾਮਰੇਡ ਬੰਤ ਬਰਾੜ ਅਤੇ ਜਨਰਲ ਸਕੱਤਰ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਪੰਜਾਬ ਏਟਕ ਦਾ ਸੂਬਾਈ ਡੈਲੀਗੇਟ ਅਜਲਾਸ 8 ਦਸੰਬਰ 2022 ਨੂੰ ਪਟਿਆਲਾ ਵਿਖੇ ਹੋਵੇਗਾ। ਇਸ ਅਜਲਾਸ ਵਿੱਚ ਏਟਕ ਨਾਲ ਸਬੰਧਤ ਵੱਖ-ਵੱਖ ਜਥੇਬੰਦੀਆਂ ਦੇ 300 ਡੇਲੀਗੇਟ ਸ਼ਾਮਲ ਹੋਣਗੇ। ਅਜਲਾਸ ਦਾ ਉਦਘਾਟਨ ਬੈਂਕਾਂ ਦੀ ਸਿਰਮੋਰ ਜਥੇਬੰਦੀ ਏ.ਆਈ.ਬੀ.ਈ.ਏ. ਦੇ ਜੁਆਇੰਟ ਸਕੱਤਰ ਅਤੇ ਪੰਜਾਬ ਬੈਂਕ ਇੰਪਲਾਈਜ਼ ਫੈਡਰੇਸ਼ਨ ਦੇ ਜਨਰਲ ਸਕੱਤਰ ਕਾਮਰੇਡ ਸੁਸ਼ੀਲ ਕੁਮਾਰ ਗੌਤਮ ਡੇਲੀਗੇਟਾਂ ਨੂੰ ਜੀ ਆਇਆ ਕਹਿੰਦੇ ਹੋਏ ਕਰਨਗੇ। ਅਜਲਾਸ ਵਿੱਚ ਅਬਜਰਵਰ ਦੇ ਤੌਰ ਤੇ ਕਾਮਰੇਡ ਵਿਦਿਆ ਸਾਗਰ ਗਿਰੀ, ਸਕੱਤਰ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ਸ਼ਾਮਲ ਹੋਣਗੇ। ਇਨ੍ਹਾਂ ਤੋਂ ਇਲਾਵਾ ਟਰੇਡ ਯੂਨੀਅਨ ਕੌਂਸਲ ਪਟਿਆਲਾ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਜਨਰਲ ਸਕੱਤਰ ਰਣਜੀਤ ਸਿੰਘ ਰਾਣਵਾ ਅਤੇ ਸ੍ਰੀ ਦਰਸ਼ਨ ਸਿੰਘ ਲੁਬਾਣਾ ਵੀ ਭਰਾਤਰੀ ਸੰਦੇਸ਼ ਦੇਣ ਲਈ ਪੁੱਜਣਗੇ। ਸਟੇਟ ਬੈਂਕ ਆਫ ਇੰਡੀਆ ਇੰਪਲਾਈਜ਼ ਯੂਨੀਅਨ ਦੇ ਜਨਰਲ ਸਕੱਤਰ ਸ੍ਰੀ ਨਰੇਸ਼ ਗੌੜ ਵੀ ਅਜਲਾਸ ਨੂੰ ਸ਼ੁਭ ਕਾਮਨਾਵਾਂ ਕਹਿਣ ਲਈ ਪੁੱਜ ਰਹੇ ਹਨ।

ਅਜਲਾਸ ਵਿੱਚ ਮੁੱਖ ਤੌਰ ਤੇ ਸ਼ਿਰਕਤ ਕਰਨ ਵਾਲੇ ਡੈਲੀਗੇਟ ਬਿਜਲੀ, ਟਰਾਂਸਪੋਰਟ, ਸਨਅਤੀ ਜਥੇਬੰਦੀਆਂ, ਐਫ.ਸੀ.ਆਈ., ਭੱਠਾ ਸਨਅਤ, ਉਸਾਰੀ ਕਿਰਤੀ, ਮਨਰੇਗਾ ਜਥੇਬੰਦੀ, ਘਰੇਲੂ ਕੰਮਕਾਜੀ ਔਰਤਾਂ, ਖੇਤ ਮਜਦੂਰ, ਮੰਡੀਕਰਨ ਬੋਰਡ, ਬੀ.ਬੀ.ਐਮ.ਬੀ. ਕੰਟਰੈਕਟ ਕਰਮਚਾਰੀ, ਪੈਨਸ਼ਨਰਜ਼, ਗੈਰ ਜਥੇਬੰਦਕ ਮਜਦੂਰ, ਆਗਣਵਾੜੀ, ਆਸ਼ਾ ਵਰਕਰਜ਼ ਆਦਿ ਜਥੇਬੰਦੀਆਂ ਤੋਂ ਆਉਣਗੇ। ਜਨਰਲ ਸਕੱਤਰ, ਪੰਜਾਬ ਏਟਕ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਵੱਲੋਂ ਵਿਸਥਾਰ ਪੂਰਵਕ ਰਿਪੋਰਟ ਪੇਸ਼ ਕੀਤੀ ਜਾਵੇਗੀ। ਡੇਲੀਗੇਟ ਸਾਥੀ ਰਿਪੋਰਟ ਤੇ ਚਰਚਾ ਕਰਨਗੇ। ਅਜਲਾਸ ਵਿੱਚ ਦਰਜਨ ਤੋਂ ਵੱਧ ਮਤੇ ਪਬਲਿਕ ਸੈਕਟਰ, ਸਿਹਤ, ਸਿੱਖਿਆ, ਬਿਜਲੀ, ਖੇਤ ਮਜਦੂਰ, ਉਸਾਰੀ ਕਿਰਤੀਆਂ ਸਬੰਧੀ, ਕੰਟਰੈਕਟ ਸਿਸਟਮ, ਘੱਟੋ-ਘੱਟ ਉਜਰਤਾਂ, ਆਂਗਣਵਾੜੀ ਅਤੇ ਮਜਦੂਰਾਂ ਦੀਆਂ ਮੰਗਾਂ ਸਬੰਧੀ ਪੇਸ਼ ਕੀਤੇ ਜਾਣਗੇ।

ਅਜਲਾਸ ਦੀ ਸਮਾਪਤੀ ਤੋਂ ਪਹਿਲਾਂ ਅਗਲੇ ਤਿੰਨ ਸਾਲ ਲਈ ਪੰਜਾਬ ਏਟਕ ਦੀ ਸੂਬਾਈ ਲੀਡਰਸ਼ਿਪ ਚੁਣੀ ਜਾਵੇਗੀ।

ਧਾਲੀਵਾਲ ਨੇ ਸਭ ਜਥੇਬੰਦੀਆਂ ਨੂੰ ਅਲਾਟ ਕੀਤੇ ਗਏ ਡੇਲੀਗੇਟਾਂ ਨੂੰ ਅਪੀਲ ਕੀਤੀ ਕਿ ਉਹ ਠੀਕ 10:00 ਵਜੇ ਇਜਲਾਸ ਸ਼ੁਰੂ ਹੋਣ ਤੋਂ ਪਹਿਲਾਂ ਪਟਿਆਲਾ ਵਿਖੇ ਪਰਭਾਤ ਪਰਵਾਨਾ ਟਰੇਡ ਯੂਨੀਅਨ ਸੈਂਟਰ, ਬਾਰਾਦਰੀ ਗਾਰਡਨ ਸਾਹਮਣੇ ਸਰਕਟ ਹਾਊਸ ਵਿਖੇ ਪੁੱਜ ਜਾਣ।

# ਇੱਕ ਜ਼ਿਲ੍ਹਾ ਇੱਕ ਪ੍ਰਾਡੈਕਟ ਤਹਿਤ ਬਠਿੰਡਾ ਨੇ ਕੀਤਾ ਪਹਿਲਾ ਸਥਾਨ ਹਾਸਲ

ਬਠਿੰਡਾ -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਭਾਰਤ ਸਰਕਾਰ ਦੇ ਫੂਡ ਪ੍ਰਾਸੈਸਿੰਗ ਮੰਤਰਾਲੇ ਵਲੋਂ ਚਲਾਈ ਜਾ ਰਹੀ ਪ੍ਰਧਾਨ ਮੰਤਰੀ ਸਕੀਮ ਫਾਰ ਫਾਰਮਾਲਾਈਜੇਸ਼ਨ ਆਫ ਮਾਇਕਰੋ ਇੰਟਰਪ੍ਰਇਜ਼ ਦਾ ਟੀਚਾ ਪੂਰਾ ਕਰਨ ਵਿੱਚ ਸਮੁੱਚੇ ਪੰਜਾਬ ਵਿੱਚ ਜ਼ਿਲ੍ਹਾ ਬਠਿੰਡਾ ਨੇ ਪਹਿਲਾਂ ਸਥਾਨ ਹਾਸਿਲ ਕੀਤਾ ਹੈ।ਰਾਜ ਪੱਧਰ ਤੇ ਇਸ ਸਕੀਮ ਨੂੰ ਲਾਗੂ ਕਰਨ ਲਈ ਪੰਜਾਬ ਐਗਰੋ ਨੂੰ ਬਤੌਰ ਨੋਡਲ ਏਜੰਸੀ ਐਲਾਨਿਆ ਗਿਆ ਹੈ। ਜ਼ਿਲ੍ਹਾ ਪੱਧਰ ਤੇ ਇਸ ਸਕੀਮ ਨੂੰ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਬਣਾਈ ਗਈ ਕਮੇਟੀ ਵੱਲੋਂ ਲਾਗੂ ਕੀਤਾ ਜਾ ਰਿਹਾ ਹੈ।

ਜਨਰਲ ਮੈਨੇਜਰ, ਜਿਲ੍ਹਾ ਉਦਯੋਗ ਕੇਂਦਰ ਇਸ ਸਕੀਮ ਦੇ ਜਿਲ੍ਹਾ ਨੋਡਲ ਅਫਸਰ ਹਨ। ਇਸ ਸਕੀਮ ਅਧੀਨ ਫੂਡ ਪ੍ਰਾਸੈਸਿੰਗ ਨਾਲ ਸਬੰਧਤ ਕੋਈ ਨਵਾਂ ਧੰਦਾ ਕਰਨ ਵਾਲੀਆਂ ਜਾਂ ਪੁਰਾਣੀਆ ਮਾਈਕਰੋ ਇਕਾਈਆ ਨੂੰ ਆਪਣੇ ਕੰਮ ਵਿੱਚ ਵਾਧਾ ਕਰਨ ਲਈ 35 ਲੱਖ ਤਕ ਦਾ ਕਰਜਾ ਦਿੱਤਾ ਜਾਂਦਾ ਹੈ।

ਇਸ ਸਕੀਮ ਅਧੀਨ ਕਰਜਾ ਹਾਸਿਲ ਕਰਨ ਵਾਲੀ ਇਕਾਈ ਨੂੰ 35 ਪ੍ਰਤੀਸ਼ਤ ਸਬਸਿਡੀ ਦਿੱਤੀ ਜਾਂਦੀ ਹੈ। ਸਕੀਮ ਦੇ ਨੋਡਲ ਅਫਸਰ ਪ੍ਰੀਤ ਮੁਹਿੰਦਰ ਸਿੰਘ ਬਰਾੜ ਨੇ ਦੱਸਿਆ ਇਸ ਸਕੀਮ ਅਧੀਨ ਮੁੱਖ ਦਫਤਰ ਵਲੋਂ 100 ਇਕਾਈਆ ਨੂੰ ਕਰਜਾ ਦੇਣ ਦਾ ਟੀਚਾ ਪ੍ਰਾਪਤ ਹੋਇਆ ਸੀ। ਹੁਣ ਤੱਕ 102 ਇਕਾਈਆ ਨੂੰ ਕਰਜਾ ਦੇ ਕੇ ਜ਼ਿਲ੍ਹਾ ਬਠਿੰਡਾ ਨੂੰ ਪਹਿਲਾ ਸਥਾਨ ਹਾਸਿਲ ਕਰਨ ਦਾ ਮਾਣ ਪ੍ਰਾਪਤ ਕੀਤਾ ਹੈ। ਉਨ੍ਹਾਂ ਦੱਸਿਆ ਇਸ ਸਕੀਮ ਅਧੀਨ ਕੇਸ ਤਿਆਰ ਕਰਨ ਲਈ ਪੰਜਾਬ ਐਗਰੋ ਵਲੋਂ ਜ਼ਿਲ੍ਹਾ ਰਿਸੋਰਸ ਪਰਸਨ ਤੈਨਾਤ ਕੀਤੇ ਗਏ ਹਨ। ਤਿਆਰ ਹੋਏ ਕੇਸ ਆਨ-ਲਾਇਨ ਜਿਲ੍ਹਾ ਪੱਧਰੀ ਕਮੇਟੀ ਨੂੰ ਭੇਜੇ ਜਾਂਦੇ ਹਨ।ਜੋ ਪੜਤਾਲ ਕਰਨ ਉਪਰੰਤ ਵੱਖ-ਵੱਖ ਬੈਂਕਾਂ ਨੂੰ ਭੇਜੇ ਜਾਂਦੇ ਹਨ। ਇਸਦੀ ਸਬਸਿਡੀ ਵੀ ਆਨ-ਲਾਈਨ ਬੈਂਕਾ ਦੇ ਖਾਤੇ ਵਿੱਚ ਟਰਾਂਸਫਰ ਕਰ ਦਿੱਤੀ ਜਾਂਦੀ ਹੈ।

ਉਨ੍ਹਾਂ ਹੋਰ ਦੱਸਿਆ ਇਸ ਸਕੀਮ ਅਧੀਨ ਭਾਰਤ ਸਰਕਾਰ ਦੀ ਇਕ ਜ਼ਿਲ੍ਹਾ ਇਕ ਪ੍ਰਾਡੈਕਟ ਸਕੀਮ ਲਈ ਜ਼ਿਲ੍ਹਾ ਬਠਿੰਡਾ ਵਿਚ ਸਹਿਦ ਨੂੰ ਮੁੱਖ ਪ੍ਰਾਡੈਕਟ ਦੇ ਤੌਰ ਤੇ ਐਲਾਨਿਆ ਗਿਆ ਹੈ। ਕਰਜਾ ਦੇਣ ਲਈ ਇਸ ਪ੍ਰਾਡੈਕਟ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਹੋਰ ਫੂਡ ਪ੍ਰਾਸੈਸਿੰਗ ਇਕਾਈਆ ਨੂੰ ਸਥਾਪਿਤ ਕਰਨ ਲਈ ਵੀ ਇਸ ਸਕੀਮ ਦਾ ਫਾਇਦਾ ਲਿਆ ਜਾ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਇਸ ਸਕੀਮ ਅਧੀਨ ਕਰਜਾ ਲੈਣ ਦੇ ਚਾਹਵਾਨ ਜ਼ਿਲ੍ਹਾ ਰਿਸੋਰਸ ਪਹੁੰਚਣ।

# ਡਾਕਟਰ ਭੀਮ ਰਾਓ ਅੰਬੇਡਕਰ ਜੀ ਇੱਕ ਨਾਂ ਨਹੀਂ ਬਲਕਿ ਯੁੱਗ ਹੈ : ਘਾਰੂ



ਸ਼ਰਧਾਂਜਲੀ ਸਮਾਗਮ ਮੌਕੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਤੇ ਫੁੱਲ ਮਾਲਾ ਭੇਂਟ ਕਰਦੇ ਸੀਨੀਅਰ ਦਲਿਤ ਆਗੂ ਰਾਜੇਸ਼ ਘਾਰੂ ਤੇ ਸੋਨੂੰ ਸੰਗਰ ਤੇ ਹੋਰ ਆਗੂ।

ਪਟਿਆਲਾ,
-ਰੋਜ਼ਾਨਾ ਸਵੇਰਾ-

ਸੈਂਟਰਲ ਵਾਲਮੀਕਿ ਸਭਾ ਇੰਡੀਆ ਵੱਲੋਂ ਭਾਰਤੀਯ ਸੰਵਿਧਾਨ ਦੇ ਨਿਰਮਾਤਾ, ਵਿਸ਼ਵ ਰਤਨ, ਯੁੱਗ ਪ੍ਰਵਰਤਕ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਮਹਾਂ ਪ੍ਰੀਨਿਰਵਾਣ ਦਿਵਸ ਤੇ ਇੱਕ ਸ਼ਰਧਾਂਜਲੀ ਸਮਾਗਮ ਡਾ? ਭੀਮ ਰਾਓ ਅੰਬੇਡਕਰ ਪਾਰਕ ਬੱਸ ਸਟੈਂਡ ਪਟਿਆਲਾ ਵਿਖੇ ਕਰਵਾਇਆ ਗਿਆ ਜਿਸ ਵਿੱਚ ਭਾਰੀ ਗਿਣਤੀ ਵਿੱਚ ਸਮਾਜਿਕ, ਧਾਰਮਿਕ ਤੇ ਰਾਜਨੀਤਕ ਬੁੱਧੀਜੀਵੀਆਂ ਨੇ ਸ਼ਮੂਲੀਅਤ ਕੀਤੀ। ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਸੀਨੀਅਰ ਦਲਿਤ ਆਗੂ ਰਾਜੇਸ਼ ਘਾਰੂ ਤੇ ਸੋਨੂੰ ਸੰਗਰ ਨੇ ਕਿਹਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਇੱਕ ਨਾਂ ਨਹੀਂ ਬਲਕਿ ਯੁੱਗ ਹੈ ਜਿਸ ਵਿੱਚ ਨਾਰੀ ਜਾਤੀ ਦੇ ਨਾਲ ਨਾਲ ਸਮੁੱਚੇ ਭਾਰਤ ਦੇ ਲੋਕਾਂ ਨੂੰ ਭਾਰਤੀਯ ਸੰਵਿਧਾਨ ਦੇ ਰਾਹੀ ਸਮਾਨਤਾ ਦਾ ਅਧਿਕਾਰ ਮਿਲਿਆ ਜਿਸ ਦੇ ਨਾਲ ਉਨ੍ਹਾਂ ਨੂੰ ਹਰੇਕ ਖੇਤਰ ਵਿੱਚ ਤਰੱਕੀ ਕਰਨ ਤੇ ਖੁਸ਼ਹਾਲ ਜੀਵਨ ਜਿਊਣ ਦਾ ਮੌਕਾ ਮਿਲਿਆ ਇਸ ਲਈ ਸਮੁੱਚੇ ਭਾਰਤ ਦੇ ਲੋਕ ਉਨ੍ਹਾਂ ਨੂੰ ਕੋਟਿ ਕੋਟਿ ਪ੍ਰਣਾਮ ਕਰਦੇ ਹਨ। ਹੋਰਨਾਂ ਤੋਂ ਇਲਾਵਾ ਇਸ ਮੌਕੇ ਸੀਨੀਅਰ ਆਗੂ ਉਪਿੰਦਰ ਸਿੰਘ,ਅਜੈ ਕੁਮਾਰ ਸਿੱਪਾ, ਈਸ ਕੁਮਾਰ , ਵਿਜੈ ਸ਼ਾਹ, ਹਿਮਾਂਸ਼ੂ ਕਾਕਾ ਤੇ ਜਰਨੈਲ ਸਿੰਘ ਆਦਿ ਨੇ ਫੁੱਲ ਮਾਲਾ ਭੇਂਟ ਕਰਦਿਆਂ ਸ਼ਰਧਾਂਜਲੀ ਭੇਂਟ ਕੀਤੀ।

# ਐਮਆਰਐਸਪੀਟੀਯੂ ਵਿਖੇ ਸਵੈ ਰੋਜਗਾਰ ਸੰਮੇਲਨ 9 ਦਸੰਬਰ ਤੱਕ

ਬਠਿੰਡਾ -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਪੰਜਾਬ ਸਰਕਾਰ ਦੇ ਘਰ-ਘਰ ਰੋਜਗਾਰ ਅਤੇ ਕਾਰੋਬਾਰ ਮਿਸ਼ਨ ਅਧੀਨ ਨੌਜਵਾਨਾਂ ਨੂੰ ਰੋਜਗਾਰ ਦੇਣ ਅਤੇ ਸਵੈ-ਰੋਜ਼ਗਾਰ ਦੇ ਕਾਬਿਲ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਤਹਿਤ ਜ਼ਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਬਠਿੰਡਾ ਵੱਲੋਂ ਵੱਖ-ਵੱਖ ਅਦਾਰਿਆਂ ਦੇ ਸਹਿਯੋਗ ਨਾਲ ਤਿੰਨ ਰੋਜ਼ਾ ਸੰਮੇਲਨ 7 ਤੋਂ 9 ਦਸੰਬਰ 2022 ਤੱਕ ਸਥਾਨਕ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ (ਐਮਆਰਐਸਪੀਟੀਯੂ) ਵਿਖੇ ਸਵੈ ਰੋਜਗਾਰ ਸੰਮੇਲਨ ਕੀਤਾ ਜਾ ਰਿਹਾ ਹੈ।

ਡਿਪਟੀ ਕਮਿਸ਼ਨਰ ਸੌਕਤ ਅਹਿਮਦ ਪਰੇ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਸੰਮੇਲਨ ਵਿੱਚ ਵੱਖੋ-ਵੱਖਰੇ ਖੇਤਰਾਂ ਤੋਂ ਉਘੇ ਉਦਯੋਗਪਤੀ ਪਹੁੰਚ ਰਹੇ ਹਨ। ਜਿਨ੍ਹਾਂ ਵੱਲੋਂ ਆਪਣੀ ਸਵੈ ਜੀਵਨੀ ਰਾਹੀਂ ਵਿਦਿਆਰਥੀਆਂ ਨੂੰ ਸਵੈ ਰੋਜਗਾਰ ਲਈ ਪ੍ਰੇਰਿਤ ਤੇ ਉਤਸਾਹਿਤ ਕੀਤਾ ਜਾਵੇਗਾ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਰੋਜ਼ਗਾਰ ਅਫਸਰ ਮਿਸ ਅੰਕਿਤਾ ਅਗਰਵਾਲ ਨੇ ਦੱਸਿਆ ਕਿ ਇਸ ਸੈਮੀਨਾਰ ਰਾਹੀਂ ਨੌਜਵਾਨਾਂ ਵਿੱਚ ਆਪਣਾ ਕੰਮ ਸ਼ੁਰੂ ਕਰਨ ਲਈ ਨਵੇਂ ਬਿਜਨਸ ਆਈਡੀਆ ਖੋਜਣ ਲਈ ਪ੍ਰੋਗਰਾਮ ਲਾਂਚ ਕੀਤਾ ਜਾ ਰਿਹਾ ਹੈ, ਜਿਸ ਵਿੱਚ ਬਠਿੰਡਾ ਸ਼ਹਿਰ ਦੇ ਨੌਜਵਾਨਾਂ ਦੁਆਰਾ ਵੱਖੋ-ਵੱਖਰੇ ਬਿਜਨਸ਼ ਆਇਡੀਆ ਪੇਸ਼ ਕੀਤੇ ਜਾਣਗੇ। ਸਟਾਰਟ ਅੱਪ ਚੈਲਿੰਜ ਇਵੈਂਟ ਰਾਹੀਂ ਵੱਖੋ-ਵੱਖਰੇ ਸਕੂਲਾਂ, ਕਾਲਜਾਂ ਵਿੱਚ ਪੜ੍ਹ ਰਹੇ ਵਿਦਿਆਰਥੀ, ਅੱਠਵੀਂ ਤੋਂ ਬਾਰਵੀ ਅਤੇ ਓਪਨ ਕੈਟਾਗਰੀ ਤਹਿਤ ਕੋਈ ਵੀ ਵਿਦਿਆਰਥੀ ਵੱਖੋ-ਵੱਖਰੇ ਸੈਕਟਰ ਜਿਵੇਂ ਕਿ ਸਿਹਤ, ਪੜ੍ਹਾਈ, ਖੇਤੀਬਾੜੀ, ਵਾਤਾਵਰਣ, ਆਈ.ਟੀ. ਸੈਕਟਰ, ਬਾਇਓਟੈਕਨੋਲੋਜੀ, ਐਨਰਜੀ, ਫੂਡ ਪ੍ਰੋਸੈਸਿੰਗ ਆਦਿ ਖੇਤਰਾਂ ਵਿੱਚ ਆਪਣੇ ਬਿਜਨਸ ਆਈਡੀਆ ਪੇਸ਼ ਕਰ ਸਕਦੇ ਹਨ। ਵਧੀਆ ਆਈਡਿਆ ਪੇਸ਼ ਕਰਨ ਵਾਲੇ ਅਤੇ ਵਧੀਆ ਪੁਜੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ।

ਇਸ ਬਾਰੇ ਹੋਰ ਜਾਣਕਾਰੀ ਸਾਂਝੀ ਕਰਦੇ ਹੋਏ ਡਿਪਟੀ ਸੀ.ਈ.ਓ. ਤੀਰਥਪਾਲ ਸਿੰਘ ਨੇ ਦੱਸਿਆ ਕਿ ਇਸ ਸੰਮੇਲਨ ਵਿੱਚ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ, ਬਠਿੰਡਾ, ਜਿਲ੍ਹਾ ਲੀਡ ਬੈਂਕ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਪੀ.ਐਸ.ਡੀ.ਐਮ., ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਡੀ.ਏ.ਵੀ.ਕਾਲਜ, ਰਜਿੰਦਰਾ ਕਾਲਜ, ਸਰਕਾਰੀ ਆਈ.ਟੀ.ਆਈ ਬਠਿੰਡਾ ਤੋਂ ਇਲਾਵਾ ਹੋਰ ਸਕੂਲਾਂ ਕਾਲਜਾਂ ਦੇ ਨੁਮਾਇੰਦੇ ਪਹੁੰਚ ਰਹੇ ਹਨ।

# ਜ਼ਮੀਨਾਂ ਦੀਆਂ ਰਜਿਸਟਰੀਆਂ ਨੇ ਭਰਿਆ ਪੰਜਾਬ ਸਰਕਾਰ ਦਾ ਖਜ਼ਾਨਾ, ਆਮਦਨ ’ਚ 21 ਫੀਸਦੀ ਦਾ ਵਾਧਾ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-



ਪੰਜਾਬ ਦੇ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਹੈ ਕਿ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਪੰਜਾਬ ਸਰਕਾਰ ਦੇ ਖਜ਼ਾਨੇ ਵਿਚ ਇਸ ਸਾਲ ਅਪ੍ਰੈਲ ਤੋਂ ਨਵੰਬਰ ਮਹੀਨੇ ਤੱਕ ਪਿਛਲੇ ਸਾਲ ਦੇ ਮੁਕਾਬਲੇ 21 ਫੀਸਦੀ ਜ਼ਿਆਦਾ ਪੈਸਾ ਆਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਾਸੀਆਂ ਨੂੰ ਪਾਰਦਰਸ਼ੀ, ਖੱਜਲ-ਖੁਆਰੀ ਰਹਿਤ ਅਤੇ ਭ੍ਰਿਸ਼ਟਾਚਾਰ ਮੁਕਤ ਸੇਵਾਵਾਂ ਦੇਣਾ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਮੁੱਖ ਟੀਚਾ ਹੈ ਅਤੇ ਇਸੇ ਸਦਕਾ ਸੂਬੇ ਦੀ ਆਮਦਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਿਰਫ ਨਵੰਬਰ ਮਹੀਨੇ ਵਿਚ ਹੀ ਪਿਛਲੇ ਸਾਲ ਦੇ ਮੁਕਾਬਲੇ 44 ਫੀਸਦੀ ਜ਼ਿਆਦਾ ਆਮਦਨ ਹੋਈ ਹੈ। ਮਾਲ ਮੰਤਰੀ ਨੇ ਦੱਸਿਆ ਕਿ ਸਟੈਂਪ ਅਤੇ ਰਜਿਸਟਰੇਸ਼ਨ ਅਧੀਨ ਇਕ ਅਪ੍ਰੈਲ ਤੋਂ 30 ਨਵੰਬਰ 2022 ਤੱਕ ਖਜ਼ਾਨੇ ਵਿਚ 2525.72 ਕਰੋੜ ਰੁਪਏ ਦੀ ਆਮਦਨ ਆਈ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਨਾਲੋਂ ਇਹ ਆਮਦਨ 21 ਫੀਸਦੀ ਜ਼ਿਆਦਾ ਬਣਦੀ ਹੈ। ਸਾਲ 2021 ਵਿਚ ਇਨ੍ਹਾਂ ਅੱਠ ਮਹੀਨਿਆਂ ਦੇ ਸਮੇਂ ਦੌਰਾਨ ਇਹ ਆਮਦਨ 2088.60 ਕਰੋੜ ਰੁਪਏ ਸੀ।

ਜਿੰਪਾ ਨੇ ਦੱਸਿਆ ਕਿ ਸਿਰਫ ਨਵੰਬਰ ਮਹੀਨੇ ਵਿਚ ਹੀ ਪਿਛਲੇ ਸਾਲ ਦੇ ਮੁਕਾਬਲੇ 44 ਫੀਸਦੀ ਜ਼ਿਆਦਾ ਆਮਦਨ ਦਰਜ ਕੀਤੀ ਗਈ ਹੈ। ਨਵੰਬਰ 2022 ਵਿਚ 376.78 ਕਰੋੜ ਰੁਪਏ ਦੀ ਆਮਦਨ ਸਟੈਂਪ ਅਤੇ ਰਜਿਸਟਰੇਸ਼ਨ ਅਧੀਨ ਆਈ ਹੈ ਜਦਕਿ ਨਵੰਬਰ 2021 ਵਿਚ ਇਹ 260.87 ਕਰੋੜ ਰੁਪਏ ਸੀ। ਉਨ੍ਹਾਂ ਕਿਹਾ ਕਿ ਰਜਿਸਟਰੀਆਂ ਕਰਵਾਉਣ ਵੇਲੇ ਲੋਕਾਂ ਨੂੰ ਕੋਈ ਪਰੇਸ਼ਾਨੀ ਨਾ ਆਵੇ ਇਸ ਸਬੰਧੀ ਮਾਲ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਸਮੇਂ-ਸਮੇਂ ’ਤੇ ਨਿਰਦੇਸ਼ ਜਾਰੀ ਕੀਤੇ ਜਾਂਦੇ ਰਹਿੰਦੇ ਹਨ ਅਤੇ ਉਹ ਖੁਦ ਵੀ ਦਫਤਰਾਂ ਦਾ ਦੌਰਾ ਕਰਦੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਜਾਰੀ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਮਾਲ ਵਿਭਾਗ ਵਿਚ ਸਾਰਾ ਕੰਮਕਾਰ ਨਿਯਮਾਂ ਅਨੁਸਾਰ ਅਤੇ ਸੁਚੱਜੇ ਢੰਗ ਨਾਲ ਕੀਤਾ ਜਾ ਰਿਹਾ ਹੈ।

ਮਾਲ ਮੰਤਰੀ ਨੇ ਕਿਹਾ ਕਿ ਪਿਛਲੇ ਸਮੇਂ ਵਿਚ ਮਾਲ ਵਿਭਾਗ ਦੇ ਕੰਮ ਕਰਨ ਦੇ ਤਰੀਕਿਆਂ ਤੋਂ ਆਮ ਲੋਕ ਬਹੁਤ ਦੁਖੀ ਸਨ ਪਰ ਪਿਛਲੇ 8 ਮਹੀਨਿਆਂ ਤੋਂ ਲੋਕਾਂ ਨੂੰ ਸੁਚਾਰੂ ਅਤੇ ਵਧੀਆ ਸੇਵਾਵਾਂ ਮਿਲ ਰਹੀਆਂ ਹਨ। ਉਨ੍ਹਾਂ ਅਪੀਲ ਕੀਤੀ ਕਿ ਸੂਬੇ ਦੇ ਖਜ਼ਾਨੇ ਨੂੰ ਮਜ਼ਬੂਤ ਕਰਨ ਲਈ ਲੋਕ ਸਰਕਾਰ ਦਾ ਸਾਥ ਦੇਣ ਅਤੇ ਕਿਸੇ ਵੀ ਕੰਮ ਲਈ ਕਿਸੇ ਵੀ ਅਧਿਕਾਰੀ/ਕਰਮਚਾਰੀ ਨੂੰ ਕੋਈ ਰਿਸ਼ਵਤ ਨਾ ਦਿੱਤੀ ਜਾਵੇ ਅਤੇ ਜੇਕਰ ਮਾਲ ਵਿਭਾਗ ਦਾ ਕੋਈ ਅਧਿਕਾਰੀ/ਕਰਮਚਾਰੀ ਕਿਸੇ ਕੰਮ ਬਦਲੇ ਪੈਸਾ ਮੰਗਦਾ ਹੈ ਤਾਂ ਬੇਝਿਜਕ ਹੋ ਕੇ ਇਸ ਦੀ ਸ਼ਿਕਾਇਤ ਕੀਤੀ ਜਾਵੇ। ਦੋਸ਼ੀ ਨੂੰ ਕਿਸੇ ਵੀ ਹਾਲਤ ਵਿਚ ਬਖਸ਼ਿਆ ਨਹੀਂ ਜਾਵੇਗਾ।

# ਫ਼ੌਜ, ਨੀਮ ਫ਼ੌਜੀ ਬਲਾਂ ਅਤੇ ਪੁਲਿਸ ’ਚ ਭਰਤੀ ਹੋਣ ਲਈ ਸਿਖਲਾਈ ਕੋਰਸ 19 ਦਸੰਬਰ ਤੋਂ

ਪਟਿਆਲਾ,
-ਰੋਜ਼ਾਨਾ ਸਵੇਰਾ-

ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਲੈਫ. ਕਰਨਲ ਐਮ. ਐਸ. ਰੰਧਾਵਾ ਨੇ ਦੱਸਿਆ ਕਿ ਵਿਭਾਗ ਦੇ ਪ੍ਰੀ-ਰਿਕਰੂਟਮੈਂਟ ਸੈਂਟਰ ਵਿਖੇ ਫ਼ੌਜ ਅਤੇ ਨੀਮ ਫ਼ੌਜੀ ਬਲਾਂ ਵਿਚ ਭਰਤੀ ਹੋਣ ਲਈ ਕੇਵਲ ਪੰਜਾਬ ਦੇ ਬੱਚਿਆ ਲਈ ਪ੍ਰੀ-ਰਿਕਰੂਟਮੈਂਟ ਟ੍ਰੇਨਿੰਗ ਕੋਰਸ ਮਿਤੀ 19 ਦਸੰਬਰ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਦਾ ਮੰਤਵ ਸੈਨਾ ਵਿਚ ਸੇਵਾ ਕਰ ਰਹੇ ਸੈਨਿਕਾਂ, ਸਾਬਕਾ ਸੈਨਿਕਾਂ ਅਤੇ ਬਾਕੀ ਸ਼੍ਰੇਣੀਆਂ ਦੇ ਬੱਚਿਆਂ ਨੂੰ ਫ਼ੌਜ, ਨੀਮ ਫ਼ੌਜੀ ਬਲਾਂ ਅਤੇ ਪੁਲਿਸ ਵਿੱਚ ਭਰਤੀ ਹੋਣ ਲਈ ਯੋਗ ਬਣਾਉਣਾ ਹੈ। ਇਹ ਕੋਰਸ 45 ਦਿਨ ਦਾ ਹੋਵੇਗਾ। ਜਿਸ ਦੌਰਾਨ ਵਿਦਿਆਰਥੀਆਂ ਨੂੰ ਸਰੀਰਕ ਤੌਰ ਉਤੇ ਭਰਤੀ ਹੋਣ ਲਈ ਲੋੜੀਂਦੇ ਮਿਆਰ ਲਈ ਤਿਆਰ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਨੂੰ ਲਿਖਤੀ ਇਮਤਿਹਾਨ ਦੀ ਤਿਆਰੀ ਵੀ ਕਰਵਾਈ ਜਾਵੇਗੀ।

ਉਨ੍ਹਾਂ ਯੋਗਤਾ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਫ਼ੌਜ ਵਿੱਚ ਸਿਪਾਹੀ ਦੀ ਭਰਤੀ ਲਈ ਉਮੀਦਵਾਰ ਦੀ ਉਮਰ 17-1/2 ਤੋਂ 21 ਸਾਲ, ਕੱਦ 170 ਸੈਂਟੀਮੀਟਰ, ਛਾਤੀ 77 ਤੋਂ 82 ਸੈਂਟੀਮੀਟਰ ਅਤੇ ਵਜ਼ਨ 50 ਕਿੱਲੋ ਹੋਣਾ ਚਾਹੀਦਾ ਹੈ ਅਤੇ ਉਮੀਦਵਾਰ ਦਸਵੀਂ ਕਲਾਸ ਵਿੱਚ ਕੁੱਲ 45 ਫ਼ੀਸਦੀ ਅਤੇ ਹਰੇਕ ਵਿਸ਼ੇ ਵਿੱਚ 33 ਫ਼ੀਸਦੀ ਨੰਬਰਾਂ ਨਾਲ ਪਾਸ ਹੋਣ ਜ਼ਰੂਰੀ ਹੈ। ਕਲਰਕ/ਐਸ.ਕੇ.ਟੀ ਦੀ ਭਰਤੀ ਲਈ ਉਮੀਦਵਾਰਾਂ ਦੀ ਉਮਰ 17-1/2 ਤੋਂ 23 ਸਾਲ ਦੇ ਵਿਚਕਾਰ ਅਤੇ ਕੱਦ ਘੱਟੋ ਘੱਟ 162 ਸੈਂਟੀਮੀਟਰ ਹੋਣਾ ਜ਼ਰੂਰੀ ਹੈ। ਅੰਗਰੇਜ਼ੀ ਅਤੇ ਗਣਿਤ/ਅਕਾਊਂਟਿੰਗ/ਬੁਕ ਕੀਪਿੰਗ ਵਿਸ਼ਿਆਂ ਵਿਚ 50% ਨੰਬਰਾਂ ਨਾਲ ਪਾਸ ਹੋਣਾ ਜ਼ਰੂਰੀ ਹੈ।

ਚਾਹਵਾਨ ਉਮੀਦਵਾਰ ਆਪਣੇ ਪੜ੍ਹਾਈ ਦੇ ਸਰਟੀਫਿਕੇਟ, ਪਾਸਪੋਰਟ ਸਾਈਜ਼ ਫ਼ੋਟੋ, ਡਿਸਚਾਰਜ ਬੁੱਕ (ਕੇਵਲ ਸਾਬਕਾ ਸੈਨਿਕਾਂ ਦੇ ਬੱਚਿਆਂ ਲਈ) ਅਤੇ ਐਸ.ਸੀ ਜਾਤੀ ਦੇ ਉਮੀਦਵਾਰ ਆਪਣਾ ਜਾਤੀ ਦਾ ਸਰਟੀਫਿਕੇਟ ਨਾਲ ਲੈ ਕੇ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ, ਪਟਿਆਲਾ, ਨੇੜੇ ਰੇਲਵੇ ਸਟੇਸ਼ਨ, ਵਿਖੇ ਆਪਣੇ ਨਾਮ ਦੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਨੇ ਇਹ ਵੀ ਦੱਸਿਆ ਹੈ ਕਿ ਪਟਿਆਲਾ ਜ਼ਿਲ੍ਹੇ ਦੇ ਉਮੀਦਵਾਰ ਹੀ ਇਸ ਟ੍ਰੇਨਿੰਗ ਵਿਚ ਸ਼ਾਮਲ ਹੋ ਸਕਦੇ ਹਨ। ਪ੍ਰੀ-ਰਿਕਰੂਟਮੈਂਟ ਸੈਂਟਰ ਸਿਖਲਾਈ ਲਈ ਇੱਕ ਆਲ ਵੈਦਰ ਟਰੈਕ ਅਤ ਟ੍ਰੇਨਿੰਗ ਦੇ ਜ਼ਰੂਰੀ ਸਾਜੇ ਸਮਾਨ ਉਪਲਬਧ ਹਨ। ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 0175-2361188, 7888343525 ਕਿਸੇ ਵੀ ਕੰਮ ਕਾਜ ਵਾਲੇ ਦਿਨ ਸੰਪਰਕ ਕਰ ਸਕਦੇ ਹਨ।

# ਜੀਐਸਟੀ ਦੇ ਛਾਪੇ ’ਤੇ ਬੋਲੇ ਵੜਿੰਗ; ਪੰਜਾਬ ਵਿੱਚ ਟੈਕਸ ਅੱਤਵਾਦ ਚੱਲ ਰਿਹਾ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-



ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੂਬੇ ਵਿੱਚ ਫੈਲਾਏ ਜਾ ਰਹੇ ਟੈਕਸ ਅੱਤਵਾਦ ’ਤੇ ਹਮਲਾ ਬੋਲਿਆ ਹੈ। ਉਨ੍ਹਾਂ ਕਿਹਾ ਕਿ ਤੁਸੀਂ ਕਾਨੂੰਨ ਲਾਗੂ ਕਰਵਾਓ, ਪਰ ਵਪਾਰੀਆਂ ਵਿੱਚ ਦਹਿਸ਼ਤ ਨਾ ਫੈਲਾਓ।

ਕਰ ਵਿਭਾਗ ਵੱਲੋਂ ਸੂਬੇ ਭਰ ਵਿੱਚ ਮਾਰੇ ਗਏ ਛਾਪਿਆਂ ’ਤੇ ਪ੍ਰਤੀਕਰਮ ਦਿੰਦਿਆਂ ਵੜਿੰਗ ਨੇ ਕਿਹਾ ਕਿ ਸਰਕਾਰ ਵੱਡੇ ਪੱਧਰ ’ਤੇ ਸ਼ਰਾਬ ਘੁਟਾਲੇ ਵਿੱਚ ਸ਼ਾਮਲ ਹੋਣ ਦੇ ਗੰਭੀਰ ਦੋਸ਼ ਝੱਲ ਰਹੀ ਹੈ, ਜੋ ਆਪਣੇ ਟੈਕਸ ਅਧਿਕਾਰੀਆਂ ਰਾਹੀਂ ਛੋਟੇ ਕਾਰੋਬਾਰੀਆਂ ਅਤੇ ਵਪਾਰੀਆਂ ’ਤੇ ਆਪਣਾ ਗੁੱਸਾ ਕੱਢ ਰਹੀ ਹੈ।

ਵੜਿੰਗ ਵਿੱਚ ਅਜਿਹੇ ਛਾਪਿਆਂ ਬਾਰੇ ਸਵਾਲ ਕਰਦਿਆਂ ਉਨ੍ਹਾਂ ਕਿਹਾ ਕਿ ਜੇਕਰ ਜੀਐਸਟੀ ਅਧਿਕਾਰੀਆਂ ਨੂੰ ਕੋਈ ਸ਼ੰਕਾ ਹੈ ਜਾਂ ਕੋਈ ਜਾਣਕਾਰੀ ਚਾਹੀਦੀ ਹੈ ਤਾਂ ਉਹ ਸਿੱਧੇ ਤੌਰ ’ਤੇ ਸਬੰਧਤ ਵਪਾਰੀਆਂ ਤੇ ਕਾਰੋਬਾਰੀਆਂ ਨੂੰ ਆਪਣੇ ਦਫ਼ਤਰ ਬੁਲਾ ਕੇ ਸਥਿਤੀ ਸਪੱਸ਼ਟ ਕਰ ਸਕਦੇ ਹਨ।

ਉਨ੍ਹਾਂ ਕਿਹਾ ਕਿ ਜੇਕਰ ਤੁਹਾਡੀ ਤਸੱਲੀ ਨਹੀਂ ਹੈ ਤਾਂ ਤੁਸੀਂ ਜਾਂਚ ਨੂੰ ਅੱਗੇ ਲੈ ਕੇ ਕਾਰੋਬਾਰੀ ਦੇ ਕੰਪਲੈਕਸ ਜਾ ਸਕਦੇ ਹੋ। ਪਰ ਅਧਿਕਾਰੀਆਂ ਵੱਲੋਂ ਅਜਿਹਾ ਡਰ ਅਤੇ ਦਹਿਸ਼ਤ ਦਾ ਮਾਹੌਲ ਕਿਉਂ ਬਣਾਇਆ ਜਾ ਰਿਹਾ ਹੈ, ਜਿਵੇਂ ਤੁਸੀਂ ਕਿਸੇ ਅੱਤਵਾਦੀ ਦੀ ਭਾਲ ਵਿੱਚ ਛਾਪੇਮਾਰੀ ਕਰ ਰਹੇ ਹੋਵੋ।

ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਟੈਕਸ ਅਧਿਕਾਰੀਆਂ ਨੇ ਕਰਿਆਨੇ ਅਤੇ ਭਾਂਡਿਆਂ ਦੀਆਂ ਦੁਕਾਨਾਂ ਵਰਗੇ ਛੋਟੇ ਕਾਰੋਬਾਰਾਂ ’ਤੇ ਛਾਪੇਮਾਰੀ ਕੀਤੀ ਹੈ। ਹੈਰਾਨੀ ਦੀ ਗੱਲ ਹੈ ਕਿ ਸਰਕਾਰ ਅਜਿਹੇ ਛਾਪੇ ਮਾਰ ਕੇ ਅਜਿਹਾ ਕੀ ਦੱਸਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਤੋਂ ਕੁਝ ਵੀ ਸਾਹਮਣੇ ਨਹੀਂ ਆਵੇਗਾ। ਇਹ ਸਰਕਾਰ ਦੀ ਨਿਰਾਸ਼ਾ ਨੂੰ ਹੀ ਦਰਸਾਉਂਦੀ ਹੈ, ਜਿਸ ਨੇ ਸੂਬੇ ਨੂੰ ਦੀਵਾਲੀਏਪਣ ਵੱਲ ਧੱਕ ਦਿੱਤਾ ਹੈ ਅਤੇ ਹੁਣ ਛੋਟੇ ਦੁਕਾਨਦਾਰਾਂ ਨੂੰ ਪ੍ਰੇਸ਼ਾਨ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਵੜਿੰਗ ਨੇ ਕਿਹਾ ਕਿ ਇੱਕ ਪਾਸੇ ਤਾਂ ਸਰਕਾਰ ਵੱਡੇ ਸ਼ਰਾਬ ਕਾਰੋਬਾਰੀਆਂ ਨੂੰ ਮਿਲੀਭੁਗਤ ਕਰਕੇ ਛੱਡ ਰਹੀ ਹੈ, ਜਦਕਿ ਦੂਜੇ ਪਾਸੇ ਛੋਟੇ ਵਪਾਰੀਆਂ ਅਤੇ ਕਾਰੋਬਾਰੀਆਂ ਵਿੱਚ ਡਰ ਅਤੇ ਸਹਿਮ ਦਾ ਮਾਹੌਲ ਪੈਦਾ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਵਪਾਰੀ ਵਰਗ ਪਹਿਲਾਂ ਹੀ ਜੀ.ਐਸ.ਟੀ ਦੇ ਗਲਤ ਲਾਗੂ ਹੋਣ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰ ਰਿਹਾ ਸੀ ਅਤੇ ਹੁਣ ਸੂਬਾ ਸਰਕਾਰ ਦੇ ਅਧਿਕਾਰੀਆਂ ਵੱਲੋਂ ਛਾਪੇਮਾਰੀ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਹੋਰ ਵਧ ਗਈਆਂ ਹਨ।

# ਇਤਿਹਾਸਕ ਪੈੜਾਂ ਸਿਰਜ ਗਿਆ ਬਠਿੰਡੇ ਦਾ ਚਾਰ ਰੋਜ਼ਾ ‘ਮੇਲਾ ਜਾਗਦੇ ਜੁਗਨੂੰਆਂ ਦਾ’




ਬਠਿੰਡਾ -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਸਾਹਿਤ ਪਸਾਰ ਮੰਚ ਪੰਜਾਬ ਅਤੇ ਪ੍ਰੋਗਰੈਸਿਵ ਬੀ- ਕੀਪਰ ਐਸੋਸੀਏਸ਼ਨ ਸੰਸਥਾ ਵੱਲੋਂ ਕਰਵਾਇਆ ਗਿਆ ਚਾਰ ਰੋਜ਼ਾ ‘ਮੇਲਾ ਜਾਗਦੇ ਜੁਗਨੂੰਆਂ ਦਾ’ ਯਾਦਗਾਰੀ ਹੋ ਨਿਬੜਿਆ। ਮੇਲੇ ਦੇ ਆਖਰੀ ਦਿਨ ਰੂ-ਬ-ਰੂ ਵਾਤਾਵਰਨ ਪ੍ਰੇਮੀ ਸੰਦੀਪ ਧੌਲਾ ਨਾਲ ਵਾਰਤਾਕਾਰ ਉਜਾਗਰ ਸਿੰਘ ਢਿੱਲੋਂ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਪਹਿਲੀ ਕਿੰਨਰ ਵਿਦਿਆਰਥਣ ਧਨੰਜੈ ਚੌਹਾਨ ਨਾਲ ਵਾਰਤਾਕਾਰ ਹਰਜਿੰਦਰ ਸਿੱਧੂ, ਗਾਇਕ ਹਰਿੰਦਰ ਸੰਧੂ ਨਾਲ ਵਾਰਤਾਕਾਰ ਮਾਸਟਰ ਜਗਸੀਰ ਸਿੰਘ, ਪੰਜਾਬੀ ਖੇਤੀਬਾੜੀ ਯੂਨੀਵਰਸਿਟੀ ਤੋਂ ਡਾਕਟਰ ਵਿਨੋਦ ਨਾਲ ਵਾਰਤਾਕਾਰ ਜੈਕ ਸਰਾ, ਰਾਊਂਡ ਗਲਾਸ ਫਾਊਂਡੇਸ਼ਨ ਤੋਂ ਡਾ. ਰਜਨੀਸ਼ ਨਾਲ ਵਾਰਤਾਕਾਰ ਜਗਤਾਰ ਅਣਜਾਣ, ਸਕਾਊਟ ਐਡ ਗਾਈਡਜ਼ ਤੋਂ ਓਂਕਾਰ ਸਿੰਘ ਨੇ ਕੀਤਾ।

ਇਨ੍ਹਾਂ ਸਨਮਾਨਯੋਗ ਸਖਸ਼ੀਅਤਾਂ ਨੇ ਆਪਣੀ ਜ਼ਿੰਦਗੀ ਦੇ ਤਜਰਬੇ ਦਰਸ਼ਕਾਂ ਨਾਲ ਸਾਂਝੇ ਕੀਤੇ ਅਤੇ ਦਰਸ਼ਕਾਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ। ਮੇਲੇ ਦੀ ਖਾਸੀਅਤ ਇਹ ਰਹੀ ਕਿ ਮੇਲੇ ਵਿਚ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਬਠਿੰਡਾ ਦੇ ਪੁਸਤਕ ਪ੍ਰੇਮੀਆਂ ਨੇ ਸਾਢੇ ਗਿਆਰਾਂ ਲੱਖ ਕਿਤਾਬਾਂ ਦੀ ਖਰੀਦੋ-ਫਰੋਖ਼ਤ ਕੀਤੀ, ਸਾਢੇ 21 ਲੱਖ ਰੁ: ਪੁਰਾਤਨ ਖਾਣਿਆਂ ਦੀਆਂ ਸਟਾਲਾਂ ਵਿੱਚੋ ਕਮਾਈ ਹੋਈ ਜਦੋਂ ਕਿ 90 ਹਜ਼ਾਰ ਦਾ ਮੇਲੇ ਵਿੱਚੋਂ ਗੁੜ ਵਿਕਿਆ। ਪੁਰਾਤਨ ਖਾਣਿਆਂ ਵਿੱਚੋਂ ਮੱਕੀ ਦੀ ਰੋਟੀ, ਲਾਲ ਮਿਰਚਾਂ ਦੀ ਚਟਨੀ, ਸਰੋਂ ਦਾ ਸਾਗ, ਮਾਲ ਪੂੜੇ, ਗੁੜ ਦੀਆਂ ਸੇਵੀਆਂ ਤੇ ਚਾਹ, ਭੂਤ ਪਿੰਨੇ ਦਾ ਮੇਲੀਆਂ ਨੇ ਅਨੰਦ ਮਾਣਿਆ ਅਤੇ ਆਪਣੇ ਘਰਾਂ ਨੂੰ ਵੀ ਵਿਅੰਜਨ ਲੈ ਕੇ ਗਏ।

ਨਿਓਰ, ਭਾਗੀ ਬਾਂਦਰ ਅਤੇ ਆਸ-ਪਾਸ ਸੈਲਫ ਹੈਲਪ ਗਰੁੱਪਾਂ ਦੀਆਂ ਔਰਤਾਂ ਨੇ ਮੇਲਾ ਦੇਖਣ ਆਏ ਦਰਸ਼ਕਾਂ ਦੀ ਤੰਦਰੁਸਤ ਸਿਹਤ ਨੂੰ ਦੇਖਦਿਆਂ ਪੁਰਾਤਨ ਭੋਜਨ ਪਰੋਸਿਆ। ਖਾਸ ਗੱਲ ਇਹ ਰਹੀ ਕਿ ਮੇਲੇ ਵਿੱਚ ਕਿਸੇ ਤਰਾਂ ਦੀ ਵੀ ਫਾਸਟ ਫੂਡ ਦੀ ਸਟਾਲ ਨਹੀਂ ਲੱਗੀ। ਇਸ ਮੇਲੇ ਵਿਚ ਜਗਤ ਗੁਰੂ ਬਾਬਾ ਨਾਨਕ ਜੀ ਵੱਲੋਂ ਕੋਧਰੇ ਦੀ ਰੋਟੀ ਪਰੋਸ ਕੇ ਬਾਬੇ ਨਾਨਕ ਦਾ ਸੁਨੇਹਾ ਅੱਗੇ ਵਧਾਇਆ। ਸਿਹਤ ਨੂੰ ਤੰਦਰੁਸਤੀ ਬਖਸ਼ਣ ਵਾਲੇ ਖਾਣਿਆਂ ਨੂੰ ਤਰਜੀਹ ਦਿੱਤੀ ਗਈ। ਮੇਲੇ ਦੇ ਆਖਰੀ ਦਿਨ ਪਹੁੰਚੀਆਂ ਸ਼ਖਸੀਅਤਾਂ ਵਿਚੋਂ ਓਂਕਾਰ ਸਿੰਘ ਸਟੇਟ ਆਰਗੇਨਾਈਜਰ ਕਮਿਸ਼ਨਰ (ਸਕਾਊਟ ਐਡ ਗਾਇਡ), ਅਮਿਤ ਰਤਨ ਕੋਟ ਫੱਤਾ ਵਿਧਾਇਕ, ਕਿਰਨਜੀਤ ਗਹਿਰੀ, ਡਾ. ਰਵਿੰਦਰ ਸਿੰਘ ਮਾਨ, ਜਗਜੀਤ ਸਿੰਘ ਮਾਨ, ਮੈਡਮ ਸ਼ਹਿਨਾਜ਼ ਮਿੱਤਲ ਪੀ.ਸੀ.ਐਸ, ਕੇਵਲ ਕ੍ਰਿਸ਼ਨ ਜੀਦਾ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।

ਗਾਇਕ ਹਰਿੰਦਰ ਸੰਧੂ, ਹਰਮਿਲਾਪ ਗਿੱਲ, ਸਰਬ ਸੋਹਲ, ਸੁਰਿੰਦਰ ਮਾਨ, ਬਿੱਟੂ ਖੰਨੇ ਵਾਲਾ, ਗਗਨ ਸਾਹਿਬਾ, ਕਵਿਸਰੀ ਜਥਾ ਸਤਪਾਲ ਸਿੰਘ ਗਿੱਲ ਕਲਾਂ , ਸ਼ਮਸ਼ੇਰ ਮੱਲੀ ਨੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਸਟੇਜ ਦਾ ਸੰਚਾਲਨ ਹਰਮਨ ਤੇ ਪੇਸ਼ਕਾਰ ਵੀਰੂ ਰੁਮਾਣਾ, ਆਸਟਰੇਲੀਆ ਤੋਂ ਵਿਸ਼ੇਸ਼ ਤੌਰ ਤੇ ਇੱਕ ਬੀਬੀ ਨੇ ਸ਼ਿਰਕਤ ਕੀਤੀ, ਗੰਗਾਨਗਰ ਰਾਜਸਥਾਨ ਤੋਂ ਸਪੈਸ਼ਲ ਤੌਰ ਤੇ ਦਰਸ਼ਕ ਮੇਲਾ ਦੇਖਣ ਆਇਆ। ਇਕ ਬਜ਼ੁਰਗ ਨੂੰ ਉਨ੍ਹਾਂ ਦਾ ਸਪੁੱਤਰ ਮੇਲਾ ਦਿਖਾਉਣ ਲਈ ਵੀਲ੍ਹ ਚੇਅਰ ਉਪਰ ਬਿਠਾ ਕੇ ਲੈ ਆਇਆ। ਜਿਸ ਦਾ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਬਠਿੰਡਾ ਸ਼ਹਿਰ ਦੇ ਆਸ ਪਾਸ ਪਿੰਡਾਂ ਅਤੇ ਪੰਜਾਬ ਦੇ ਕੋਨੇ-ਕੋਨੇ ਤੋਂ ਦਰਸ਼ਕ ਮੇਲਾ ਜੁਗਨੂੰਆਂ ਦਾ ਦੇਖਣ ਪਹੁੰਚੇ।

ਪੰਜਾਬੀ ਸਾਹਿਤ ਸਭਾ ਬਠਿੰਡਾ ਦੇ ਪ੍ਰਧਾਨ ਜਸਪਾਲ ਮਾਨਖੇੜਾ, ਟੀਚਰਜ਼ ਹੋਮ ਬਠਿੰਡਾ ਤੋਂ ਮਾਸਟਰ ਲਛਮਣ ਸਿੰਘ ਮਲੂਕਾ ਤੇ ਰਣਜੀਤ ਗੌਰਵ ਨੇ ਪ੍ਰਬੰਧਕਾਂ ਨੂੰ ਐਸੇ ਮੇਲੇ ਹੋਰ ਕਰਵਾਉਣ ਲਈ ਸਹਿਯੋਗ ਦੇਣ ਲਈ ਕਿਹਾ। ਅਖੀਰ ਤੇ ਮੇਲਾ ਪ੍ਰਬੰਧਕ, ਜਗਤਾਰ ਅਣਜਾਣ, ਸੁਖਵਿੰਦਰ ਸਿੰਘ ਚੱਠਾ, ਹਰਜਿੰਦਰ ਸਿੱਧੂ, ਸੁਖਰਾਜ ਮੰਡੀ ਕਲਾਂ, ਹਰਵਿੰਦਰ ਸਿੰਘ ਬਰਾੜ, ਉਜਾਗਰ ਸਿੰਘ ਢਿੱਲੋਂ, ਪ੍ਰੀਤ ਕੈਂਥ, ਰੁਪਿੰਦਰ ਕੌਰ, ਹਰਜਿੰਦਰ ਸਿੰਘ ਕੋਟਲੀ, ਹਰਮਿਲਾਪ ਗਰੇਵਾਲ, ਨੇ ਇਸ ਮੇਲੇ ਨੂੰ ਸਫਲ ਬਨਾਉਣ ਵਿੱਚ ਸਹਿਯੋਗੀ ਸੱਜਣ ਅਤੇ ਮੇਲੇ ਵਿੱਚ ਸ਼ਿਰਕਤ ਕਰਨ ਵਾਲੇ ਮੇਲਾ ਪ੍ਰੇਮੀਆਂ, ਬਠਿੰਡਾ ਅਤੇ ਆਸ ਪਾਸ ਇਲਾਕੇ ਦੇ ਦਰਸ਼ਕਾਂ ਦਾ ਧੰਨਵਾਦ ਕੀਤਾ ਗਿਆ।


## ਦਫਤਰ ਨਗਰ ਕੌਂਸਲ ਕੋਟ ਫੱਤਾ (ਬਠਿੰਡਾ)

## ਸਵੱਛ ਭਾਰਤ ਮਿਸ਼ਨ

स्वच्छ भारत

स्वच्छ भारत
एक कदम स्वच्छता की ओर

**ਇਸ਼ਤਿਹਾਰ**

☛ ਨਗਰ ਕੌਂਸਲ ਕੋਟ ਫੱਤਾ (ਬਠਿੰਡਾ) ਵਲੋਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਗੰਭੀਰ ਬਿਮਾਰੀਆਂ ਤੋਂ ਬਚਣ ਲਈ ਸ਼ਹਿਰ ਵਾਸੀ ਹੇਠ ਲਿਖੀਆਂ ਗੱਲਾਂ ਵੱਲ ਵਿਸ਼ੇਸ ਧਿਆਨ ਦੇਣ:-

1. ਘਰਾਂ ਦਾ ਕੂੜਾ ਗਿੱਲਾ ਅਤੇ ਸੁੱਕਾ ਅਲੱਗ ਅਲੱਗ ਕਰਕੇ ਨਗਰ ਕੌਂਸਲ ਦੀ ਰਿਕਸ਼ਾ ਰੇੜੀ , ਟਰਾਲੀ ਆਦਿ ਵਿੱਚ ਹੀ ਪਾਇਆ ਜਾਵੇ। ਘਰਾਂ ਦੇ ਬਾਹਰ ਰੂੜੀ ਆਦਿ ਨਾ ਲਗਾਈ ਜਾਵੇ। ਗਿੱਲੇ ਕੂੜੇ ਤੋਂ ਆਪਣੇ ਘਰਾਂ ਵਿੱਚ ਹੀ ਖਾਦ ਬਣਾਏ ਜਾਣ ਦੀ ਪ੍ਰਕਿਰਿਆ ਅਪਣਾਈ ਜਾਵੇ।
2. ਘਰਾਂ ਦੇ ਆਲੇ ਦੁਆਲੇ ਗੰਦਾ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ ਤਾਂ ਜੋ ਗੰਦੇ ਪਾਣੀ ਤੋਂ ਪੈਦਾ ਹੋਣ ਵਾਲੇ ਮੱਛਰ ਤੋਂ ਫੈਲਣ ਵਾਲੀ ਬਿਮਾਰੀ ਅਦਿ ਤੋਂ ਬੱਚਿਆ ਜਾ ਸਕੇ।
3. ਜਨਮ ਅਤੇ ਮੋਤ ਦਾ ਰਜਿਸਟ੍ਰੇਸ਼ਨ 21 ਦਿਨਾਂ ਦੇ ਅੰਦਰ ਅੰਦਰ ਕਰਵਾਇਆ ਜਾਵੇ।
4. ਮਕਾਨ ਦੁਕਾਨ ਦੀ ਉਸਾਰੀ ਸੁਰੂ ਕਰਨ ਤੋਂ ਪਹਿਲਾ ਨਗਰ ਕੌਂਸਲ ਪਾਸੋਂ ਨਕਸ਼ਾ ਜਰੂਰ ਪਾਸ ਕਰਵਾਇਆ ਜਾਵੇ ਅਤੇ ਆਪਣੇ ਘਰਾਂ/ਦੁਕਾਨਾਂ ਦਾ ਪ੍ਰਾਪਰਟੀ ਟੈਕਸ ਜਲਦ ਤੋਂ ਜਲਦ ਭਰਿਆ ਜਾਵੇ।
5. ਨਗਰ ਕੌਂਸਲ ਦੀ ਹਦੂਦ ਅੰਦਰ ਪਲਾਸਟਿਕ ਲਿਫਾਫੇ ਪੂਰੀ ਤਰ੍ਹਾਂ ਨਾਲ ਬੈਨ ਹਨ ਜੋ ਪਲਾਸਟਿਕ ਦੀ ਵਰਤੋਂ ਕਰਦਾ ਫੜਿਆ ਜਾਂਦਾ ਹੈ ਉਸ ਨੂੰ ਪਹਿਲੀ ਵਾਰ ਜੁਰਮਾਨਾਂ ਅਤੇ ਦੂਜੀ ਵਾਰ ਚਲਾਨ ਕੀਤਾ ਜਾਵੇਗਾ।

ਸਹੀ/-
ਕਾਰਜ ਸਾਧਕ ਅਫਸਰ
ਨਗਰ ਕੌਂਸਲ ਕੋਟ ਫੱਤਾ (ਬਠਿੰਡਾ)

# ਸੰਗਰੂਰ ਜਲ ਸਪਲਾਈ ਅਤੇ ਸੀਵਰੇਜ ਪ੍ਰਾਜੈਕਟ ਨੂੰ ਨਿਰਧਾਰਤ ਸਮੇਂ ਵਿੱਚ ਮੁਕੰਮਲ ਕਰਨ ਦੇ ਅਧਿਕਾਰੀਆਂ ਨੂੰ ਦਿੱਤੇ ਨਿਰਦੇਸ਼ : ਡਾ. ਇੰਦਰਬੀਰ ਸਿੰਘ ਨਿੱਜਰ

**➢ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਅਤੇ ਸਾਫ ਸੁਥਰਾ ਵਾਤਾਵਰਣ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਯਤਨਸ਼ੀਲ ➢ਸੰਗਰੂਰ ਜਲ ਸਪਲਾਈ ਅਤੇ ਸੀਵਰੇਜ ਪ੍ਰਾਜੈਕਟ ਦਾ ਕਸਬੇ ਦੀ ਵੱਡੀ ਆਬਾਦੀ ਨੂੰ ਮਿਲੇਗਾ ਲਾਭ**

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਅਤੇ ਸਾਫ ਸੁਥਰਾ ਵਾਤਾਵਰਣ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਹੈ। ਇਸ ਦਿਸ਼ਾ ਵਿਚ ਕੰਮ ਕਰਦੇ ਹੋਏ ਸਥਾਨਕ ਸਰਕਾਰਾਂ ਮੰਤਰੀ, ਡਾ.ਇੰਦਰਬੀਰ ਸਿੰਘ ਨਿੱਜਰ ਨੇ ਦੱਸਿਆ ਕਿ ਸੰਗਰੂਰ ਕਸਬੇ ਲਈ ਜਲ ਸਪਲਾਈ ਅਤੇ ਸੀਵਰੇਜ ਵਿਵਸਥਾ ਵਿਚ ਵਿਸਥਾਰ ਅਤੇ ਸੁਧਾਰ ਕਰਨ ਲਈ 48.78 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਇਸ ਪ੍ਰਾਜੈਕਟ ਦਾ ਕੰਮ ਪ੍ਰਗਤੀ ਅਧੀਨ ਹੈ।ਸਥਾਨਕ ਸਰਕਾਰਾਂ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ ਨੇ ਸੰਗਰੂਰ ਜਲ ਸਪਲਾਈ ਅਤੇ ਸੀਵਰੇਜ ਪ੍ਰਾਜੈਕਟ ਦੇ ਕੰਮ ਦਾ ਜਾਇਜ਼ਾ ਲੈਂਦਿਆਂ ਪੰਜਾਬ ਜਲ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਇਸ ਪ੍ਰਾਜੈਕਟ ਨੂੰ ਹਰ ਹੀਲੇ ਨਿਰਧਾਰਤ ਸਮੇਂ ਅੰਦਰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਥਾਨਕ ਸਰਕਾਰਾਂ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਨੇ ਦੱਸਿਆ ਕਿ ਸੰਗਰੂਰ ਕਸਬੇ ਲਈ ਪ੍ਰਵਾਨਿਤ ਜਲ ਸਪਲਾਈ ਪ੍ਰਾਜੈਕਟ ਅਧੀਨ ਵੱਖ-ਵੱਖ ਆਕਾਰ ਦੀਆਂ ਜਲ ਸਪਲਾਈ ਦੀਆਂ ਪਾਈਪ ਲਾਈਨਾਂ ਵਿਛਾਉਣ ਅਤੇ ਇਸਦੇ ਨਾਲ ਸਬੰਧਤ ਹੋਰ ਕੰਮ ਇਸ ਪ੍ਰਾਜੈਕਟ ਅਧੀਨ ਕਵਰ ਹੋਣਗੇ। ਉਹਨਾਂ ਨੇ ਦੱਸਿਆ ਕਿ ਜਲ ਸਪਲਾਈ ਪ੍ਰਾਜੈਕਟ ਦੀ ਲਾਗਤ 9.34 ਕਰੋੜ ਰੁਪਏ ਹੈ।



ਇਸ ਜਲ ਸਪਲਾਈ ਪ੍ਰਾਜੈਕਟ ਅਧੀਨ ਤਕਰੀਬਨ 42 ਕਿਲੋਮੀਟਰ ਖੇਤਰ ਕਵਰ ਕੀਤਾ ਜਾਵੇਗਾ।

ਡਾ.ਨਿੱਜਰ ਨੇ ਅੱਗੇ ਦੱਸਿਆ ਕਿ ਸੰਗਰੂਰ ਵਿਖੇ ਸੀਵਰੇਜ ਵਿਵਸਥਾ ਵਿਚ ਵਿਸਥਾਰ ਅਤੇ ਸੁਧਾਰ ਕਰਨ ਲਈ 39.44 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਇਸ ਪ੍ਰਾਜੈਕਟ ਅਧੀਨ ਸੀਵਰੇਜ ਲਾਈਨਾਂ ਵਿਛਾਉਣ ਅਤੇ ਹੋਰ ਸਬੰਧਤ ਕੰਮ ਮੁਕੰਮਲ ਕੀਤੇ ਜਾਣਗੇ, ਜਿਸ ਅਧੀਨ ਤਕਰੀਬਨ 56 ਕਿਲੋਮੀਟਰ ਖੇਤਰ ਕਵਰ ਕੀਤਾ ਜਾਵੇਗਾ।

ਡਾ. ਨਿੱਜਰ ਨੇ ਦੱਸਿਆ ਕਿ ਇਸ ਜਲ ਸਪਲਾਈ ਅਤੇ ਸੀਵਰੇਜ ਪ੍ਰਾਜੈਕਟ ਅਧੀਨ ਸੰਗਰੂਰ ਕਸਬੇ ਦੀ ਵੱਡੀ ਆਬਾਦੀ ਨੂੰ ਲਾਭ ਮਿਲੇਗਾ।

ਕੈਬਨਿਟ ਮੰਤਰੀ ਨੇ ਇਹ ਵੀ ਦੱਸਿਆ ਕਿ ਹਰੀਪੁਰਾ ਰੋਡ, ਭੱਠਲ ਕਲੋਨੀ, ਰਾਮ ਨਗਰ, ਉਭਾਵਾਲ ਰੋਡ ਇਸ ਜਲ ਸਪਲਾਈ ਅਤੇ ਸੀਵਰੇਜ ਪ੍ਰਾਜੈਕਟ ਅਧੀਨ ਕਵਰ ਹੋਣਗੇ। ਇਸ ਤੋਂ ਇਲਾਵਾ ਉਪਲੀ ਰੋਡ, ਬਾਬਾ ਜੀਵਨ ਸਿੰਘ ਨਗਰ, ਸੁਨਾਮ ਰੋਡ, ਨਿਊ ਜੀਵਨ ਸਿੰਘ ਨਗਰ, ਅਜੀਤ ਨਗਰ, ਸ਼ਿਵਮ ਕਲੋਨੀ ਅਤੇ ਅਫਸਰ ਕਲੋਨੀ ਆਦਿ ਖੇਤਰ ਇਸ ਪ੍ਰਾਜੈਕਟ ਅਧੀਨ ਕਵਰ ਹੋਣਗੇ। ਕੈਬਨਿਟ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਅਤੇ ਸਾਫ ਸੁਥਰਾ ਵਾਤਾਵਰਣ ਮੁਹੱਈਆ ਕਰਵਾਉਣ ਲਈ ਮੁੱਖ ਤਰਜੀਹ ਦੇ ਰਹੀ ਹੈ। ਮੰਤਰੀ ਨੇ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਵਿਭਾਗ ਦੇ ਕੰਮਾਂ ਵਿੱਚ ਪਾਰਦਰਸ਼ਤਾ ਅਤੇ ਗੁਣਵੱਤਾ ਲਿਆਉਣੀ ਯਕੀਨੀ ਬਣਾਈ ਜਾਵੇ ਤਾਂ ਜੋ ਸੂਬੇ ਦੇ ਲੋਕਾਂ ਨੂੰ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਮੁਹੱਈਆ ਕਰਵਾਉਣ ਦਾ ਮਾਨ ਸਰਕਾਰ ਦਾ ਸੁਪਨਾ ਸਾਕਾਰ ਹੋ ਸਕੇ।

# ਜਨਗਣਨਾ ਦੇ ਇਤਿਹਾਸ ਵਿਚ ਪਹਿਲੀ ਵਾਰ ਜਨਗਣਨਾ ਹੋਵੇਗੀ ਡਿਜ਼ੀਟਲ



**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਈਸ਼ਾ ਸਿੰਗਲ, ਸੰਯੁਕਤ ਕਮਿਸ਼ਨਰ ਨਗਰ ਨਿਗਮ ਜੀਵਨਜੋਤ ਕੌਰ ਅਤੇ ਖੋਜ ਅਫ਼ਸਰ ਪ੍ਰੇਮ ਕੁਮਾਰ ਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਜਨਗਣਨਾ ਗੈਲਰੀ ਅਤੇ ਸੂਚਨਾ ਕਿਓਸਕ ਡਾਇਰੈਕਟੋਰੇਟ ਆਫ਼ ਜਨਗਣਨਾ ਦਫ਼ਤਰ ਸੈਕਟਰ-19 ਏ, ਚੰਡੀਗੜ੍ਹ ਵਿਖੇ ਸਥਾਪਿਤ ਕੀਤੀ ਗਈ ਜਨਗਣਨਾ ਗੈਲਰੀ ਅਤੇ ਸੂਚਨਾ ਕਿਓਸਕ ਦਾ ਦੌਰਾ ਕੀਤਾ।

ਇਸ ਮੌਕੇ ਸੰਯੁਕਤ ਸਕੱਤਰ, ਭਾਰਤ ਸਰਕਾਰ ਅਤੇ ਜਨਗਣਨਾ ਦਫ਼ਤਰ (ਪੰਜਾਬ ਅਤੇ ਚੰਡੀਗੜ੍ਹ) ਦੇ ਡਾਇਰੈਕਟਰ ਡਾ. ਅਭਿਸ਼ੇਕ ਜੈਨ ਨੇ ਦੱਸਿਆ ਕਿ ਪੂਰੇ ਦੇਸ਼ ਵਿਚ ਇਹ ਆਪਣੀ ਕਿਸਮ ਦੀ ਪਹਿਲੀ ਜਨਗਣਨਾ ਗੈਲਰੀ ਹੈ, ਜਿੱਥੇ 150 ਸਾਲਾਂ ਦਾ ਇਤਿਹਾਸ ਹੈ। ਉਨ੍ਹਾਂ ਦੱਸਿਆ ਕਿ ਜਦੋਂ ਤੋਂ ਜਨਗਣਨਾ ਦੀ ਸ਼ੁਰੂਆਤ ਦਿਖਾਈ ਗਈ ਹੈ ਉਸ ਸਮੇਂ ਤੋਂ ਸਾਰੀ ਜਾਣਕਾਰੀ ਇੱਥੇ ਉਪਲਬਧ ਹੈ। ਇਹ ਜਨਗਣਨਾ ਸੰਗਠਨ (ਜਨਗਣਨਾ, ਨਕਸ਼ਾ, ਸੀ.ਆਰ.ਐਸ., ਐਸ.ਆਰ.ਐਸ, ਡੀ.ਡੀ.ਯੂ, ਡੀ.ਸੀ.ਐਚ.ਬੀ, ਲਾਇਬ੍ਰੇਰੀ, ਪ੍ਰਸਾਰ ਆਦਿ) ਦੀਆਂ ਸਾਰੀਆਂ ਗਤੀਵਿਧੀਆਂ ਲਈ ਇੱਕ ਵਨ ਸਟਾਪ ਹੱਲ ਹੈ ਜੋ ਆਉਣ ਵਾਲੀ ਜਨਗਣਨਾ ਵਿਚ ਜਾਗਰੂਕਤਾ ਫੈਲਾਉਣ ਲਈ ਕੰਮ ਕਰੇਗਾ।

ਇਸ ਮੌਕੇ ਖੋਜ ਅਫ਼ਸਰ (ਨਕਸ਼ਾ), ਪੰਜਾਬ ਵਰਿੰਦਰ ਕੌਰ ਜੋ ਕਿ ਪੰਜਾਬ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ, ਜੰਮੂ ਕਸ਼ਮੀਰ ਅਤੇ ਲੇਹ ਲਦਾਖ਼ ਲਈ ਮੈਪਿੰਗ ਦੇ ਕੰਮਾਂ ਦੇ ਇੰਚਾਰਜ ਹਨ, ਨੇ ਮੈਪਿੰਗ ਤੋਂ ਪਹਿਲਾਂ ਅਤੇ ਬਾਅਦ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਜਨਗਣਨਾ ਦੇ ਇਤਿਹਾਸ ਵਿਚ ਪਹਿਲੀ ਵਾਰ ਜਨਗਣਨਾ ਡਿਜੀਟਲ ਹੋਣ ਜਾ ਰਹੀ ਹੈ।

ਇਸ ਤਹਿਤ ਉਨ੍ਹਾਂ ਨੇ ਆਉਣ ਵਾਲੀ ਜਨਗਣਨਾ ਦੌਰਾਨ ਹਾਊਸ ਲਿਸਟਿੰਗ ਦੇ ਕੰਮਾਂ ਦੌਰਾਨ ਮੋਬਾਈਲ ਰਾਹੀਂ ਮੈਪਿੰਗ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ ਸਮੂਹ ਅਧਿਕਾਰੀਆਂ ਨੇ ਐਟੋਮੇਸ਼ਨ ਲਾਇਬ੍ਰੇਰੀ ਅਤੇ ਜੀ.ਆਈ.ਐਸ. ਲੈਬ ਦਾ ਵੀ ਦੌਰਾ ਕੀਤਾ। ਜਿੱਥੇ ਆਟੋਮੇਸ਼ਨ ਲਾਇਬ੍ਰੇਰੀ ਵਿਚ 150 ਸਾਲ ਤੋਂ ਵੱਧ ਪੁਰਾਣੇ ਪ੍ਰਕਾਸ਼ਨ ਵੀ ਦਿਖਾਏ ਗਏ ਅਤੇ ਜੀਆਈਐਸ ਲੈਬ ਵਿਚ ਚੱਲ ਰਹੀਆਂ ਮੈਪਿੰਗ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ ਗਿਆ।

ਜਨਗਣਨਾ ਗੈਲਰੀ ਦਾ ਦੌਰਾ ਕਰਦਿਆਂ ਡਾਇਰੈਕਟਰ ਨੇ ਜਨਗਣਨਾ ਵਿਚ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਦੀ ਭੂਮਿਕਾ ਅਤੇ ਜ਼ਿੰਮੇਵਾਰੀਆਂ ਤੇ ਵੀ ਚਾਨਣਾ ਪਾਇਆ।

# ਠੰਢ ਦੇ ਮੌਸਮ 'ਚ ਬੇਘਰੇ ਤੇ ਲੋੜਵੰਦਾਂ ਨੂੰ ਮਿਲੇਗੀ ਰਾਤ ਰਹਿਣ ਲਈ ਢੁਕਵੀਂ ਜਗ੍ਹਾ, ਲੋਕ ਅਜਿਹੇ ਬੇਘਰਿਆਂ ਨੂੰ ਰੈਣ ਬਸੇਰਿਆਂ ਵਿਖੇ ਭੇਜਣ-ਡਿਪਟੀ ਕਮਿਸ਼ਨਰ

**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਨੇ ਜ਼ਿਲ੍ਹੇ ਦੀਆਂ ਸਾਰੀਆਂ ਸਬ ਡਵੀਜ਼ਨਾਂ ਅੰਦਰ ਲੋੜਵੰਦਾਂ ਲਈ ਰੈਣ ਬਸੇਰੇ ਬਣਾਏ ਹਨ, ਜਿੱਥੇ ਠੰਢ ਦੇ ਇਸ ਮੌਸਮ ਵਿੱਚ ਸੜਕਾਂ ਕਿਨਾਰੇ ਰਾਤਾਂ ਗੁਜ਼ਾਰਨ ਵਾਲੇ ਬੇਘਰੇ ਤੇ ਲੋੜਵੰਦ ਲੋਕਾਂ ਨੂੰ ਰਾਤ ਸਮੇਂ ਸੌਣ ਲਈ ਬਿਸਤਰਾ ਅਤੇ ਸਿਰ 'ਤੇ ਛੱਤ ਸਮੇਤ ਹੋਰ ਲੋੜੀਂਦੀਆਂ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਕੀਤਾ।

ਉਨ੍ਹਾਂ ਦੱਸਿਆ ਕਿ ਪਟਿਆਲਾ, ਰਾਜਪੁਰਾ, ਸਮਾਣਾ, ਨਾਭਾ ਅਤੇ ਪਾਤੜਾਂ ਵਿਖੇ ਇਹ ਸੁਵਿਧਾ ਲੋੜਵੰਦਾਂ ਲਈ ਉਪਲਬੱਧ ਕਰਵਾਈ ਗਈ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਟਿਆਲਾ ਵਿਖੇ ਨਗਰ ਨਿਗਮ ਵੱਲੋਂ ਅਤੇ ਐਸ.ਡੀ.ਐਮਜ਼ ਦੀ ਨਿਗਰਾਨੀ ਹੇਠ ਜ਼ਿਲ੍ਹੇ ਦੀਆਂ ਬਾਕੀ ਨਗਰ ਕੌਂਸਲਾਂ ਵੱਲੋਂ ਰੈਣ ਬਸੇਰੇ ਸਥਾਪਤ ਕੀਤੇ ਗਏ ਹਨ ਤਾਂ ਕਿ ਠੰਢ ਦੇ ਇਸ ਮੌਸਮ ਵਿੱਚ ਬੇਘਰੇ ਲੋਕਾਂ ਨੂੰ ਰਾਤਾਂ ਨੂੰ ਸੌਣ ਲਈ ਬਿਸਤਰਾ ਮਿਲ ਸਕੇ।

ਸਾਕਸ਼ੀ ਸਾਹਨੀ ਨੇ ਅੱਗੇ ਦੱਸਿਆ ਕਿ ਪਟਿਆਲਾ ਸ਼ਹਿਰ ਵਿਖੇ ਨਗਰ ਨਿਗਮ ਵੱਲੋਂ ਦੋ ਸਥਾਈ ਰੈਣ ਬਸੇਰੇ ਸਥਾਪਤ ਕੀਤੇ ਗਏ ਹਨ, ਇਨ੍ਹਾਂ ਵਿੱਚੋਂ ਇੱਕ ਮੰਦਿਰ ਸ੍ਰੀ ਕਾਲੀ ਦੇਵੀ ਦੇ ਪਿਛਲੇ ਪਾਸੇ ਨੇੜੇ ਧੋਬਘਾਟ ਤੇ ਦੂਸਰਾ ਨਹਿਰੂ ਪਾਰਕ ਨੇੜੇ ਪਰਸ਼ੂਰਾਮ ਚੌਂਕ ਵਿਖੇ, ਇਹ ਦੋਵੇਂ ਮਰਦਾਂ ਤੇ ਔਰਤਾਂ ਲਈ ਵੱਖੋ-ਵੱਖਰੇ ਰੈਣ ਬਸੇਰੇ ਹਨ। ਇਸ ਤੋਂ ਬਿਨ੍ਹਾਂ ਬੱਸ ਸਟੈਂਡ ਨੇੜੇ ਪੁਲ ਦੇ ਥੱਲੇ, ਖੰਡਾ ਚੌਂਕ ਤੇ ਸ੍ਰੀ ਕਾਲੀ ਦੇਵੀ ਮੰਦਿਰ ਦੇ ਬਾਹਰਲੇ ਪਾਸੇ ਆਰਜੀ ਰੈਣ ਬਸੇਰੇ ਵੀ ਸਥਾਪਤ ਕੀਤੇ ਗਏ ਹਨ। ਇਨ੍ਹਾਂ ਦੇ ਨੋਡਲ ਅਫ਼ਸਰ ਸੁਪਰਵਾਈਜ਼ਰ ਪ੍ਰਦੀਪ ਕੁਮਾਰ ਫੋਨ ਨੰਬਰ 95019-46200 ਨੂੰ ਨੋਡਲ ਅਫ਼ਸਰ ਲਗਾਇਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਰਾਜਪੁਰਾ ਵਿਖੇ ਟਾਊਨ ਹਾਲ ਵਿੱਚ ਰੈਣ ਬਸੇਰਾ ਸਥਾਪਤ ਕੀਤਾ ਗਿਆ ਹੈ, ਜਿੱਥੇ ਕਿ ਰਾਜੀਵ ਸ਼ਰਮਾ ਫੋਨ ਨੰਬਰ 7986228359 ਨੂੰ ਨੋਡਲ ਅਫ਼ਸਰ ਲਾਇਆ ਗਿਆ ਹੈ। ਸਮਾਣਾ ਵਿਖੇ ਫਾਇਰ ਬ੍ਰਿਗੇਡ ਦਫ਼ਤਰ 'ਚ ਸੀਨੀਅਰ ਸਿਟੀਜ਼ਨ ਹੋਮ ਵਿਖੇ ਬਣਾਇਆ ਗਿਆ ਹੈ, ਜਿੱਥੇ ਸੈਨੇਟਰੀ ਇੰਸਪੈਕਟਰ ਬੋਬੀ ਕੁਮਾਰ, ਫੋਨ 78142-21513 ਨੂੰ ਨੋਡਲ ਅਫ਼ਸਰ ਬਣਾਇਆ ਗਿਆ ਹੈ। ਇਸੇ ਤਰ੍ਹਾਂ ਹੀ ਨਾਭਾ ਵਿਖੇ ਨਗਰ ਕੌਂਸਲ ਦਫ਼ਤਰ ਨੇੜੇ ਰੈਣ ਬਸੇਰਾ ਬਣਾਇਆ ਗਿਆ ਹੈ, ਜਿਸ ਦਾ ਨੋਡਲ ਅਫ਼ਸਰ ਕਲਰਕ ਅਸ਼ਵਨੀ ਕੁਮਾਰ ਫੋਨ ਨੰਬਰ 96462-00359 ਨੂੰ ਲਗਾਇਆ ਗਿਆ ਹੈ। ਜਦਕਿ ਪਾਤੜਾਂ ਵਿਖੇ ਨਗਰ ਕੌਂਸਲਰ ਵਿਖੇ ਬਣਾਏ ਗਏ ਰੈਣ ਬਸੇਰੇ ਵਿਖੇ ਸੈਨਟਰੀ ਇੰਸਪੈਕਟਰ ਜੀਤ ਰਾਮ ਫੋਨ ਨੰਬਰ 83606-88108 ਨੋਡਲ ਅਫ਼ਸਰ ਲਗਾਇਆ ਗਿਆ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਰੈਣ ਬਸੇਰਿਆਂ ਵਿਖੇ ਨਹਾਉਣ ਲਈ ਗਰਮ ਪਾਣੀ, ਫਸਟ ਏਡ ਕਿਟ, ਸਾਫ਼-ਸੁਥਰੇ ਬਿਸਤਰੇ, ਸੀ.ਸੀ.ਟੀ.ਵੀ. ਕੈਮਰੇ, ਆਰ.ਓ ਪਾਣੀ ਅਤੇ ਅੱਗ ਬੁਝਾਊ ਯੰਤਰਾਂ ਤੋਂ ਇਲਾਵਾ ਸੁਰੱਖਿਆ ਦਾ ਵੀ ਇੰਤਜਾਮ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਆਲੇ-ਦੁਆਲੇ ਅਜਿਹੇ ਬੇਘਰੇ ਲੋਕਾਂ ਨੂੰ ਇਨ੍ਹਾਂ ਰੈਣ ਬਸੇਰਿਆਂ ਵਿਖੇ ਭੇਜਿਆ ਜਾਵੇ ਤਾਂ ਕਿ ਇਹ ਠੰਢ ਦੇ ਮੌਸਮ 'ਚ ਰਾਤਾਂ ਬਾਹਰ ਖੁੱਲੇ ਅਸਮਾਨ ਹੇਠਾਂ ਨਾ ਗੁਜਾਰਨ।

# ਕਾਂਗਰਸ ਕਮੇਟੀ ਜ਼ਿਲਾ ਪ੍ਰਧਾਨ ਮਹੰਤ ਖਨੌੜਾ ਦਾ ਸਨਮਾਨ

**ਭਾਦਸੋਂ**
**-ਰੋਜ਼ਾਨਾ ਸਵੇਰਾ-**

ਕਿਸਾਨ ਮੰਚ ਦੇ ਅਹੁਦੇਦਾਰ ਤਰਸੇਮ ਸਿੰਘ ਟਿਵਾਣਾ ਜਿੰਦਲਪੁਰ ਦੇ ਪਰਿਵਾਰ ਨੂੰ ਖੁਸ਼ੀਆਂ ਪ੍ਰਾਪਤ ਹੋਣ ਤੇ ਵਾਹਿਗੁਰੂ ਜੀ ਦਾ ਸੁਕਰਾਨਾ ਕਰਦੇ ਹੋਏ ਅਪਣੇ ਗ੍ਰਹਿ ਵਿਖੇ ਧਾਰਮਿਕ ਸਮਾਗਮ ਕਰਵਾਇਆ ਗਿਆ।ਅੰਮ੍ਰਿਤ ਵੇਲੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ, ਉਪਰੰਤ ਕੀਰਤਨੀ ਜੱਥੇ ਵਲੋ ਕੀਰਤਨ ਵਿਚਾਰਾਂ ਦੁਆਰਾ ਸੰਗਤਾਂ ਨੂੰ ਨੂੰ ਗੁਰਬਾਣੀ ਨ ਾਲ ਜੋੜਿਆ । ਇਸ ਧਾਰਮਿਕ ਸਮਾਗਮ ਮੋਕੇ ਵਿਸੇਸ ਤੋਰ ਤੇ ਪਹੁੰਚੇ ਜਿਲਾ ਪਟਿਆਲਾ ਕਾਂਗਰਸ ਕਮੇਟੀ ਪ੍ਰਧਾਨ ਮਹੰਤ ਹਰਵਿੰਦਰ ਸਿੰਘ ਖਨੌੜਾ ਦਾ ਧਾਰਮਿਕ ਯਾਦਗਾਰੀ ਫੋਟੋ ਅਤੇ ਗੁਰੂ ਘਰ ਦੀ ਬਖ਼ਸ਼ਿਸ ਸਿਰਪਾਓ ਪਾ ਕੇ ਸਨਮਾਨ ਭੇਟ ਕੀਤਾ ਗਿਆ ।ਇਸ ਮੌਕੇ ਕਿਸਾਨ ਮੰਚ ਚੇਅਰਮੈਨ ਸੁਖਬੀਰ ਸਿੰਘ ਪੰਧੇਰ, ਨੇਤਰ ਸਿੰਘ ਸਰਪੰਚ ਘੁੰਡਰ, ਹਰਬੰਸ ਸਿੰਘ ਸਰਪੰਚ ਰੈਸਲ, ਅਮਰੀਸ ਸਿੰਘ ਸਰਪੰਚ ਜਸੋਮਾਜਰਾ, ਹੰਸਾ ਸਿੰਘ ਸਰਪੰਚ ਰਾਮਗੜ੍ਹ, ਅਜੈਬ ਸਿੰਘ ਪ੍ਰਧਾਨ ਛੰਨਾ ਨੱਥੂਵਾਲੀਆ, ਗੁਰਮੀਤ ਸਿੰਘ ਰੈਸਲ ਜਸਪ੍ਰੀਤ ਸਿੰਘ ਜੱਗੀ ਪੰਧੇਰ, ਪਰਗਟ ਸਿੰਘ, ਬੀ.ਜੇ.ਪੀ ਕਿਸ਼ਾਨ ਮੋਰਚਾ ਜ਼ਿਲ੍ਹਾ ਪਟਿਆਲਾ ਪ੍ਰਧਾਨ ਜਸਵਿੰਦਰ ਸਿੰਘ ਜੇਜੀ, ਤਰਸੇਮ ਸਿੰਘ ਤਰਖੇੜੀ, ਸੁਖਦੇਵ ਸਿੰਘ ਪੰਧੇਰ, ਭਗਵਾਨ ਸਿੰਘ ਸਾ, ਸਰਪੰਚ ਜਿੰਦਲਪੁਰ, ਪ੍ਰਦੀਪ ਸਿੰਘ ਟਿਵਾਣਾ, ਲਲਕਾਰ ਸਿੰਘ ਅਤੇ ਵੱਡੀ ਗਿਣਤੀ ਪਿੰਡ ਵਾਸੀ ਹਾਜ਼ਰ ਸਨ

# ਡਾ. ਬੀ.ਆਰ ਅੰਬੇਡਕਰ ਕਮੇਟੀ ਵੱਲੋਂ ਬਾਬਾ ਸਾਹਿਬ ਦਾ ਪ੍ਰੀ-ਨਿਰਵਾਣ ਦਿਵਸ ਮਨਾਇਆ ਗਿਆ

**ਮਾਛੀਵਾੜਾ ਸਾਹਿਬ,**
**-ਰੋਜ਼ਾਨਾ ਸਵੇਰਾ-**

ਭਾਰਤੀ ਸੰਵਿਧਾਨ ਦੇ ਨਿਰਮਾਤਾ ਤੇ ਗਰੀਬਾਂ ਦੇ ਮਸੀਹਾ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦਾ ਪ੍ਰੀ ਨਿਰਵਾਣ ਦਿਵਸ ਡਾਕਟਰ ਬੀ ਆਰ ਅੰਬੇਡਕਰ ਕਮੇਟੀ ਵੱਲੋਂ ਅੰਬੇਡਕਰ ਚੌਕ ਵਿੱਚ ਮਨਾਇਆ ਗਿਆ। ਕਮੇਟੀ ਦੇ ਮੈਂਬਰਾਂ ਵੱਲੋਂ ਬਾਬਾ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਉਹਨਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ। ਇਸ ਮੌਕੇ ਐਸ ਸੀ ਸੈਲ ਦੇ ਚੇਅਰਮੈਨ ਧਰਮਵੀਰ ਧੰਮੀ ਅਤੇ ਭਾਵਾਧਸ ਆਗੂ ਨੰਬਰਦਾਰਾਂ ਰੌਸ਼ਨ ਲਾਲ ਹੰਸ ਨੇ ਕਿਹਾ ਕਿ ਹੈ ਬਾਬਾ ਸਾਹਿਬ ਸਾਰੀ ਜਿੰਦਗੀ ਦੱਬੇ ਕੁਚਲੇ ਲੋਕਾਂ ਨੂੰ ਉਨ੍ਹਾਂ ਦੇ ਅਧਿਕਾਰ ਦਿਵਾਉਣ ਲਈ ਲੜਾਈ ਲੜੀ ਅਤੇ ਭਾਰਤ ਦੇ ਸਵਿਧਾਨ ਦਾ ਨਿਰਮਾਣ ਕੀਤਾ ਜਿਸ ਵਿਚ ਗਰੀਬਾਂ ਨੂੰ ਵੋਟ ਪਾਉਣ ਦਾ ਅਧਿਕਾਰ ਦਿਵਾਇਆ ਅਤੇ ਉਨ੍ਹਾਂ ਨੂੰ ਆਪਣੇ ਹੱਕਾਂ ਲਈ ਲੜਨ ਦਾ ਅਧਿਕਾਰ ਵੀ ਦਵਾਇਆ ਇਸ ਲਈ ਸਾਨੂੰ ਬਾਬਾ ਸਾਹਿਬ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁੱਖ ਸਲਾਹਕਾਰ ਪਰਮਜੀਤ ਸਿੰਘ ਨੀਲੋਂ, ਪ੍ਰਧਾਨ ਸੁਖਦੇਵ ਸਿੰਘ ਬਿੱਟੂ, ਠੇਕੇਦਾਰ ਲੱਕੀ ਰਾਣਾ ਜੋਧਵਾਲ, ਵਾਇਸ ਚੇਅਰਮੈਨ ਰਕੇਸ ਕੁਮਾਰ ਛਿੰਦੂ, ਭਾਵਾਧਸ ਪ੍ਰਧਾਨ ਪਰਮਜੀਤ ਮਿੰਕੂ, ਸਾਗਰ ਹੰਸ, ਹੈਪੀ ਬੈਨੀਪਾਲ, ਰਵੀ ਬਾਲੀ, ਸੇਵਾ ਸਿੰਘ ਤੇ ਦੀਪਕ ਬੱਗਣ ਆਦਿ ਵੀ ਮੌਜੂਦ ਸਨ



# ਸੜਕ ਦਾ ਕੰਮ ਜਨਵਰੀ ਮਹੀਨੇ ਵਿੱਚ ਸ਼ੁਰੂ ਹੋਵੇਗਾ ਹਲਕੇ ਦੇ ਲੋਕਾਂ ਦਾ ਦਰਦ ਮੈਂ ਵੀ ਸਮਝਦਾ ਹਾਂ: ਦਿਆਲਪੁਰਾ



**ਮਾਛੀਵਾੜਾ ਸਾਹਿਬ,**
**-ਰੋਜ਼ਾਨਾ ਸਵੇਰਾ-**

ਇਤਿਹਾਸਕ ਸ਼ਹਿਰ ਨੂੰ ਜੋੜਦੀਆਂ ਪ੍ਰਮੁੱਖ ਸੜਕਾਂ ਦੀ ਖਸ਼ਤਾ ਹਾਲਤ ਚਿੰਤਤ ਹਲਕਾ ਵਿਧਾਇਕ ਸ੍ਰ ਜਗਤਾਰ ਸਿੰਘ ਦਿਆਲਪੁਰਾ ਨੇ ਇਨ੍ਹਾਂ ਸੜਕਾਂ ਤੇ ਪਏ ਡੂੰਘੇ ਟੋਇਆ ਵਿੱਚ ਮਿੱਟੀ ਤੇ ਪੱਥਰ ਨਾਲ ਭਰਵਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਈ ਤਾਂ ਕਿ ਰਾਹਗੀਰਾਂ ਨੂੰ ਕੁੱਝ ਰਾਹਤ ਮਿਲ ਸਕੇ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਵਿਧਾਇਕ ਸ੍ਰ ਜਗਤਾਰ ਸਿੰਘ ਦਿਆਲਪੁਰਾ ਨੇ ਦੱਸਿਆ ਕਿ ਸਮਰਾਲਾ ਤੋਂ ਸਤਲੁੱਜ ਤੱਕ ਇਸ ਸੜਕ ਤੇ ਕਾਫੀ ਡੂੰਘੇ ਪੈ ਗਏ ਹਨ ਇਸਦੇ ਮੁਰੰਮਤ ਡੀਏ ਕੰਮ ਦੀ ਟੈਂਡਰ ਪ੍ਰੀਕ੍ਰਿਆ ਅੰਤਿਮ ਦੌਰ ਵਿੱਚ ਹੈ ਉਨ੍ਹਾਂ ਦੱਸਿਆ ਕਿ ਇਸ ਸੜਕ ਤੋਂ ਗੰਨੇ ਦੀਆਂ ਟਰਾਲੀਆਂ ਤੇ ਟਿੱਪਰ ਵੱਡੀ ਗਿਣਤੀ ਵਿੱਚ ਲੰਘਦੇ ਹਨ ਇਸ ਲਈ ਡੂੰਘੇ ਟੋਇਆ ਕਾਰਨ ਹਾਦਸੇ ਹੋਣ ਦਾ ਡਰ ਬਣਿਆਂ ਰਹਿੰਦਾ ਹੈ।

ਇਸ ਲਈ ਜਦੋਂ ਤੱਕ ਮੁਰੰਮਤ ਨਹੀਂ ਹੁੰਦੀ ਮਿੱਟੀ ਤੇ ਪੱਥਰ ਪਾ ਕੇ ਟੋਇਆ ਨੂੰ ਭਰਵਾਇਆ ਜਾ ਰਿਹਾ ਹੈ ਉਨ੍ਹਾਂ ਕਿ ਉਹ ਸ੍ਰੀ ਮਾਛੀਵਾੜਾ ਸ਼ਹਿਰ ਨੂੰ ਜੋੜਦੀਆਂ ਸਾਰੀਆਂ ਸੜਕਾਂ ਦੀ ਮੁਰੰਮਤ ਲਈ ਵਚਨਬੱਧ ਹਨ ਤੇ ਲੋਕਾਂ ਦੀ ਪ੍ਰੇਸ਼ਾਨੀ ਤੋਂ ਜਾਣੂ ਹਨ ਉਨ੍ਹਾਂ ਅੱਗੇ ਦਸੀਆਂ ਕਿ ਸੜਕ ਨਿਰਮਾਣ ਤੂ ਪਹਿਲਾ ਦਾਣਾ ਮੰਡੀ ਦੀਆਂ ਸੀਵਰੇਜ ਦੀਆਂ ਪਾਈਪਾਂ ਪਈਆਂ ਜਾਣਗੀਆਂ ਇਸ ਲਈ ਮੰਡੀ ਬੋਰਡ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਸੀਵਰੇਜ ਦੀਆਂ ਪਾਈਪਾਂ ਪਾਉਣ ਦਾ ਕੰਮ ਜਲਦੀ ਸ਼ੁਰੂ ਕਰਨ ਤਾਂ ਕਿ ਸੜਕ ਦਾ ਨਿਰਮਾਣ ਹੋ ਸਕੇ ਇਸ ਮੌਕੇ ਉਨ੍ਹਾਂ ਦੇ ਨਾਲ ਪੀ ਏ ਸੁਖਵਿੰਦਰ ਸਿੰਘ ਗਿੱਲ ਮੌਜੂਦ ਸਨ।

**ਫ਼ਾਜ਼ਿਲਕਾ ਬੱਸ ਸਟੈਂਡ ਦਾ ਰੇੜਕਾ ਖ਼ਤਮ ਹੋਣ ਵੱਲ ਵਧਿਆ ਕਦਮ:**

# ਲਾਲਜੀਤ ਸਿੰਘ ਭੁੱਲਰ ਵੱਲੋਂ ਬੱਸ ਸਟੈਂਡ ਟਰਾਂਸਪੋਰਟ ਵਿਭਾਗ ਨੂੰ ਤਬਦੀਲ ਕਰਨ ਸਬੰਧੀ ਕਾਰਵਾਈ ਅਰੰਭਣ ਦੀ ਹਦਾਇਤ



**ਫ਼ਾਜ਼ਿਲਕਾ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਫ਼ਾਜ਼ਿਲਕਾ ਦੇ ਨਵੇਂ ਬੱਸ ਸਟੈਂਡ ਨੂੰ ਛੇਤੀ ਤੋਂ ਛੇਤੀ ਸੁਚਾਰੂ ਢੰਗ ਨਾਲ ਚਲਾਉਣ ਦਾ ਹੱਲ ਕੱਢਦਿਆਂ ਇਸ ਨੂੰ ਟਰਾਂਸਪੋਰਟ ਵਿਭਾਗ ਨੂੰ ਤਬਦੀਲ ਕਰਨ ਲਈ ਚਾਰਾਜੋਈ ਅਰੰਭਣ ਦੀ ਹਦਾਇਤ ਕੀਤੀ ਹੈ।

ਲੰਮੇ ਸਮੇਂ ਤੋਂ ਖ਼ਸਤਾ ਹਾਲਤ ਵੱਲ ਵਧ ਰਹੇ ਨਵੇਂ ਬੱਸ ਸਟੈਂਡ ਨੂੰ ਚਲਾਉਣ ਸਬੰਧੀ ਪੰਜਾਬ ਸਿਵਲ ਸਕੱਤਰੇਤ ਵਿਖੇ ਟਰਾਂਸਪੋਰਟ ਤੇ ਸਥਾਨਕ ਸਰਕਾਰਾਂ ਵਿਭਾਗਾਂ ਸਣੇ ਫ਼ਾਜ਼ਿਲਕਾ ਜ਼ਿਲ੍ਹਾ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਨਾਲ ਅਹਿਮ ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਲੋਕਾਂ ਦੇ ਪੈਸੇ ਨੂੰ ਇਸ ਤਰ੍ਹਾਂ ਬਰਬਾਦ ਨਹੀਂ ਹੋਣ ਦੇਵੇਗੀ। ਮੀਟਿੰਗ ਦੌਰਾਨ ਫ਼ੈਸਲਾ ਲਿਆ ਗਿਆ ਕਿ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਨਵੇਂ ਬੱਸ ਸਟੈਂਡ ਅਤੇ ਟਰਾਂਸਪੋਰਟ ਵਿਭਾਗ ਵੱਲੋਂ ਪੁਰਾਣੇ ਬੱਸ ਸਟੈਂਡ ਦੀ ਮਲਕੀਅਤ ਇੱਕ-ਦੂਜੇ ਨੂੰ ਤਬਦੀਲ ਕੀਤੀ ਜਾਵੇਗੀ। ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਛੇਤੀ ਤੋਂ ਛੇਤੀ ਥਾਂ ਤਬਦੀਲ ਕਰਨ ਬਾਰੇ ਚਾਰਾਜੋਈ ਕਰਨ ਅਤੇ ਵੱਧ ਕੀਮਤ ਦੂਜੇ ਵਿਭਾਗ ਨੂੰ ਤੁਰੰਤ ਟਰਾਂਸਫ਼ਰ ਕਰਕੇ ਇਸ ਮਾਮਲੇ ਦਾ ਨਿਪਟਾਰਾ ਕੀਤਾ ਜਾਵੇ। ਟਰਾਂਸਪੋਰਟ ਮੰਤਰੀ ਨੇ ਕਿਹਾ ਕਿ ਬੱਸਾਂ ਦੇ ਨਵੇਂ ਬੱਸ ਅੱਡੇ ਵਿੱਚ ਤਬਦੀਲ ਹੋਣ ਨਾਲ ਸ਼ਹਿਰ ਵਿੱਚ ਟ੍ਰੈਫ਼ਿਕ ਦੀ ਸਮੱਸਿਆ ਹੱਲ ਹੋ ਜਾਵੇਗੀ ਅਤੇ ਸ਼ਹਿਰ ਵਾਸੀ ਬਿਹਤਰ ਸਫ਼ਰ ਸਹੂਲਤਾਂ ਦਾ ਫ਼ਾਇਦਾ ਲੈ ਸਕਣਗੇ।

ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਟਰਾਂਸਪੋਰਟ ਵਿਭਾਗ ਨੂੰ ਬੱਸ ਸਟੈਂਡ ਤਬਦੀਲ ਕਰਨ ਪਿੱਛੋਂ ਅਗਲੇ ਪੜਾਅ ਦੌਰਾਨ ਉਥੇ ਲੋੜੀਂਦੀਆਂ ਸਹੂਲਤਾਂ ਜਿਵੇਂ ਬੱਸਾਂ ਲਈ ਵਰਕਸ਼ਾਪ ਅਤੇ ਡੀਜ਼ਲ ਪੰਪ ਲਗਾਉਣ ਦੀ ਯੋਜਨਾ ਵੀ ਉਲੀਕੀ ਜਾਵੇਗੀ।

# ਐਸ.ਐਮ.ਡੀ ਵਰਲਡ ਸਕੂਲ ਦੇ ਖਿਡਾਰੀਆਂ ਦੀ, 66ਵੀਆਂ ਪੰਜਾਬ ਰਾਜ ਸਕੂਲ ਖੇਡਾਂ 'ਚ ਬੱਲੇ-ਬੱਲੇ



**ਫਰੀਦਕੋਟ,**
**-ਰੋਜ਼ਾਨਾ ਸਵੇਰਾ-**

ਰੂਪਨਗਰ ਅਤੇ ਜਲੰਧਰ ਵਿਖੇ ਸੰਪੰਨ ਹੋਈਆਂ 66ਵੀਆਂ ਪੰਜਾਬ ਰਾਜ ਸਕੂਲ ਖੇਡਾਂ ਵਿਚ, ਇਲਾਕੇ ਭਰ ਵਿਚ ਸਿੱਖਿਆ ਤੇ ਖੇਡਾਂ ਦੇ ਖੇਤਰ ਵਿਚ ਮੋਹਰੀ ਸੰਸਥਾਵਾਂ ਵਜੋਂ ਜਾਣੀਆਂ ਜਾਂਦੀਆਂ, ਸੰਤ ਮੋਹਨ ਦਾਸ ਵਿਦਿਅਕ ਸੰਸਥਾਵਾਂ ਕੋਟ ਸੁਖੀਆ ਅਧੀਨ ਚੱਲ ਰਹੀ ਸੰਸਥਾ ਐਸ.ਐਮ.ਡੀ ਵਰਲਡ ਸਕੂਲ ਕੋਟ ਸੁਖੀਆ ਵੱਲੋਂ ਫਰੀਦਕੋਟ ਜ਼ਿਲ੍ਹੇ ਦੀ ਅਗਵਾਈ ਕਰਦਿਆਂ ਬਾਕਸਿੰਗ ਅਤੇ ਕਰਾਟੇ (ਲੜਕੇ/ਲੜਕੀਆਂ) ਦੇ ਵੱਖ ਵੱਖ ਵਰਗ ਦੇ ਮੁਕਾਬਲਿਆਂ ਵਿਚ ਇਸ ਸਕੂਲ ਦੇ ਖਿਡਾਰੀਆਂ ਨੇ ਆਪਣੇ ਕੋਚ ਰਵੀ ਸੋਨੀ ਦੀ ਦੇਖ ਰੇਖ ਹੇਠ ਖੇਡਦਿਆਂ ਹੋਇਆਂ ਬਹੁਤ ਹੀ ਸੁਚੱਜੀ ਖੇਡ ਦਾ ਪ੍ਰਦਰਸ਼ਨ ਕੀਤਾ ਅਤੇ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ।

ਸੰਸਥਾ ਦੇ ਚੇਅਰਮੈਨ ਮੁਕੰਦ ਲਾਲ ਥਾਪਰ ਨੇ ਇਹਨਾ ਖਿਡਾਰੀਆਂ ਦੀਆਂ ਮਾਣਮੱਤੀਆਂ ਪ੍ਰਾਪਤੀਆਂ ਦੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਕੂਲ ਦੀ ਖਿਡਾਰਨ ਦੀਆ ਸਪੁੱਤਰੀ ਪਰਵੀਨ ਕੁਮਾਰ ਵਾਸੀ ਕੋਟਕਪੂਰਾ ਨੇ ਕਰਾਟੇ ਵਿਚ 68 ਕਿੱਲੋ ਭਾਰ ਵਰਗ ਵਿਚ ਅਤੇ ਗੁਰਲੀਨ ਕੌਰ ਸਪੁੱਤਰੀ ਬੋਹੜ ਸਿੰਘ ਵਾਸੀ ਭਲੂਰ ਨੇ 32 ਕਿੱਲੋ ਭਾਰ ਵਰਗ ਵਿਚ ਤੀਜਾ ਸਥਾਨ ਹਾਸਿਲ ਕੀਤਾ।ਲੜਕਿਆਂ ਦੇ ਬਾਕਸਿੰਗ ਮੁਕਾਬਲਿਆਂ ਵਿਚ ਹਸਨਦੀਪ ਸਿੰਘ ਸਪੁੱਤਰ ਗੁਰਜੰਟ ਸਿੰਘ ਵਾਸੀ ਪਿੰਡ ਲੰਡੇ ਨੇ 60 ਕਿੱਲੋ ਭਾਰ ਵਰਗ ਚ ਸੂਬਾ ਭਰ ਚ ਤੀਜਾ ਸਥਾਨ ਹਾਸਿਲ ਕਰਦੇ ਹੋਏ ਕਾਂਸੇ ਦਾ ਤਗਮਾ ਪ੍ਰਾਪਤ ਕਰ ਕੇ ਸੰਸਥਾ ਦੇ ਨਾਲ ਨਾਲ ਪੂਰੇ ਇਲਾਕੇ ਚ ਆਪਣਾ ਨਾਮ ਰੋਸ਼ਨ ਕੀਤਾ।

ਸਕੂਲ ਦੇ ਪਿੰ ?ਸੀਪਲ ਐੱਚ ਐੱਸ ਸਾਹਨੀ ਨੇ ਖਿਡਾਰੀਆਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਮੁਬਾਰਕਬਾਦ ਦਿੰਦੇ ਹੋਏ ਉਨ੍ਹਾਂ ਦੇ ਚੰਗੇਰੇ ਭਵਿੱਖ ਲਈ ਕਾਮਨਾ ਕੀਤੀ। ਇਸ ਸਮੇਂ ਡੀਐੱਮ ਸਪੋਰਟਸ, ਕੁਲਦੀਪ ਸਿੰਘ ਗਿੱਲ ਨੇ ਜੇਤੂ ਖਿਡਾਰੀਆਂ ਦੀ, ਇਹਨਾਂ ਰਾਜ ਪੱਧਰੀ ਖੇਡਾਂ ਵਿਚ ਬਿਹਤਰ ਕਾਰਗੁਜ਼ਾਰੀ ਲਈ ਹੌਸਲਾ ਅਫਜ਼ਾਈ ਕੀਤੀ ਅਤੇ ਕਿਹਾ ਕਿ ਇਨ੍ਹਾਂ ਖਿਡਾਰੀਆਂ ਦੀ ਇਹ ਸ਼ਾਨਦਾਰ ਰਾਜ ਪੱਧਰੀ ਜਿੱਤ ਪੂਰੇ ਜ਼ਿਲ੍ਹੇ ਲਈ ਵੱਡੇ ਮਾਣ ਵਾਲੀ ਗੱਲ ਹੈ।

ਇਸ ਸਮੇਂ ਜਿੱਤ ਕੇ ਆਏ ਖਿਡਾਰੀਆਂ ਅਤੇ ਕੋਚ ਸਹਿਬਾਨਾ ਦਾ ਸੰਸਥਾ ਵਿੱਚ ਪਹੁੰਚਣ ਤੇ ਦਾ ਵਿਸ਼ੇਸ਼ ਤੌਰ ਤੇ ਸਵਾਗਤ ਵੀ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਟਰੱਸਟੀ ਸੰਤੋਖ ਸਿੰਘ ਸੋਢੀ, ਪ੍ਰਬੰਧਕੀ ਕਮੇਟੀ ਦੇ ਮੈਂਬਰ ਮੇਘਾ ਥਾਪਰ, ਕੋ-ਆਰਡੀਨੇਟਰ ਅਮਨਪ੍ਰੀਤ ਕੌਰ, ਰੇਣੂਕਾ, ਸੁਖਵੀਰ ਕੌਰ, ਮਨਦੀਪ ਸਿੰਘ ਤੇ ਸਮੂਹ ਸਟਾਫ ਵੱਲੋਂ ਜੇਤੂ ਖਿਡਾਰੀਆਂ ਨੂੰ ਉਹਨਾਂ ਦੀ ਇਸ ਸ਼ਾਨਦਾਰ ਸਫਲਤਾ ਤੇ ਵਧਾਈ ਦਿੱਤੀ।

# ਆਸ਼ੀਰਵਾਦ ਡੇ-ਬੋਰਡਿੰਗ ਸਕੂਲ ਦੀਆਂ ਦੋ ਟੀਚਰਾਂ ਨੂੰ ਮਿਲਿਆ ਸਰਬੋਤਮ ਅਧਿਆਪਕਾਵਾਂ ਪੁਰਸਕਾਰ



**ਚੀਮਾਂ ਮੰਡੀ,**
**-ਰੋਜ਼ਾਨਾ ਸਵੇਰਾ-**

ਪ੍ਰਾਈਵੇਟ ਸਕੂਲ ਐਸੋਸੀਏਸ਼ਨ ਆਫ ਪੰਜਾਬ ਵੱਲੋਂ ਦਿੱਤੇ ਜਾ ਰਹੇ ਸਰਵੋਤਮ ਅਧਿਆਪਕ ਪੁਰਸਕਾਰ ਵਿੱਚ ਅਸ਼ੀਰਵਾਦ ਡੇ ਬੋਰਡਿੰਗ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀਆਂ ਦੋ ਅਧਿਆਪਕਾਵਾਂ ਕੁਮਾਰੀ ਪਿੰਦਰਜੀਤ ਸਿੰਘ ਅਤੇ ਜਿੰਨੀਦਰਜੀਤ ਕੌਰ ਨੂੰ ਸਰਵੋਤਮ ਅਧਿਆਪਕਾਂ ਦੇ ਤੌਰ ਤੇ ਸਨਮਾਨਿਤ ਕੀਤਾ ਗਿਆ ਜਿਸ ਨਾਲ ਸਕੂਲ ਵਿੱਚ ਖੁਸ਼ੀ ਦਾ ਮਹੌਲ ਬਣ ਗਿਆ ਕਿਉਂਕਿ ਚੰਗੇ ਕੀਤੇ ਕੰਮ ਨੂੰ ਜੇਕਰ ਹੌਸਲਾ ਮਿਲ ਜਾਵੇ ਤਾਂ ਸਾਡਾ ਹੋਰ ਵੀ ਚੰਗਾ ਕੰਮ ਕਰਨ ਨੂੰ ਦਿਲ ਕਰਦਾ ਹੈ । ਇਸ ਸਬੰਧੀ ਸਕੂਲ ਪ੍ਰਿੰਸੀਪਲ ਸ. ਜਗਸੀਰ ਸਿੰਘ ਅਤੇ ਵਾਈਸ ਪ੍ਰਿੰਸੀਪਲ ਮੈਡਮ ਗੁਰਮੀਤ ਕੌਰ ਨੇ ਫੈਪ ਦੇ ਪ੍ਰਧਾਨ ਡਾ.ਜਗਜੀਤ ਸਿੰਘ ਧੂਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਰਕਾਰੀ ਅਧਿਆਪਕਾਂ ਨੂੰ ਤਾਂ ਸਰਕਾਰ ਵੀ ਸਨਮਾਨਿਤ ਕਰ ਦਿੰਦੀ ਹੈ ਪਰ ਪ੍ਰਾਈਵੇਟ ਅਧਿਆਪਕਾਂ ਨੂੰ ਸਨਮਾਨਿਤ ਕਰਨ ਦੀ ਜੋ ਰੀਤ ਡਾ.ਜਗਜੀਤ ਸਿੰਘ ਧੂਰੀ ਨੇ ਤੋਰੀ ਹੈ ਉਹ ਬਹੁਤ ਹੀ ਪ੍ਰਸ਼ੰਸਾ ਯੋਗ ਹੈ ।

## ਦਿਵਿਆਂਗ ਖਿਡਾਰੀਆਂ ਦੇ ਖੇਡ ਮੁਕਾਬਲਿਆਂ ਦਾ ਆਯੋਜਨ

**ਸੰਗਰੂਰ,**
**-ਰੋਜ਼ਾਨਾ ਸਵੇਰਾ-**

ਅੰਤਰਰਾਸ਼ਟਰੀ ਦਿਵਿਆਂਗਤਾ ਦਿਵਸ ਦੇ ਮੌਕੇ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਿਵਿਆਂਗ ਖਿਡਾਰੀਆਂ ਦੇ ਮਨੋਬਲ ਨੂੰ ਬੁਲੰਦ ਕਰਨ ਦੇ ਉਦੇਸ਼ ਨਾਲ ਵਾਰ ਹੀਰੋਜ਼ ਸਟੇਡੀਅਮ ਵਿਖੇ ਖੇਡ ਮੁਕਾਬਲੇ ਕਰਵਾਏ ਗਏ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਨੇ ਵਿਸ਼ੇਸ਼ ਤੌਰ @ਤੇ ਸ਼ਿਰਕਤ ਕੀਤੀ ਅਤੇ ਦਿਵਿਆਂਗ ਖਿਡਾਰੀਆਂ ਨੂੰ ਸਮਾਜ ਦਾ ਅਟੁੱਟ ਅੰਗ ਦੱਸਿਆ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਹਰ ਸਮੇਂ ਦਿਵਿਆਂਗਜਨ ਦੇ ਸਹਿਯੋਗ ਲਈ ਵਚਨਬੱਧ ਹੈ ਅਤੇ ਸਮੇਂ ਸਮੇਂ ਉਤੇ ਦਿਵਿਆਂਗਜਨ ਦੀ ਭਲਾਈ ਲਈ ਪ੍ਰਸ਼ਾਸ਼ਨਿਕ ਪੱਧਰ ਉੱਤੇ ਢੁਕਵੇ ਕਦਮ ਚੁੱਕੇ ਜਾਂਦੇ ਹਨ। ਇਸ ਮੌਕੇ ਦਿਵਿਆਂਗਜਨ ਨੇ ਮਾਰਚ ਪਾਸਟ ਵਿੱਚ ਹਿੱਸਾ ਲਿਆ ਅਤੇ ਡਿਪਟੀ ਕਮਿਸ਼ਨਰ ਸਮੇਤ ਹੋਰ ਸ਼ਖ਼ਸੀਅਤਾਂ ਨੇ ਇਨ੍ਹਾਂ ਖਿਡਾਰੀਆਂ ਦਾ ਤਾੜੀਆਂ ਮਾਰ ਕੇ ਹੌਸਲਾ ਵਧਾਇਆ। ਖੇਡ ਮੁਕਾਬਲਿਆਂ ਦਾ ਆਗਾਜ਼ ਗੁਬਾਰੇ ਛੱਡ ਕੇ ਕੀਤਾ ਗਿਆ।


ਦਫਤਰ ਨਗਰ ਪੰਚਾਇਤ ਕੋਟ ਸ਼ਮੀਰ (ਬਠਿੰਡਾ)
ਸਵੱਛ ਭਾਰਤ ਮਿਸ਼ਨ

स्वच्छ भारत
एक कदम स्वच्छता की ओर

ਇਸ਼ਤਿਹਾਰ

☛ ਨਗਰ ਪੰਚਾਇਤ ਕੋਟ ਸ਼ਮੀਰ (ਬਠਿੰਡਾ) ਵਲੋਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਗੰਭੀਰ ਬਿਮਾਰੀਆਂ ਤੋਂ ਬਚਣ ਲਈ ਸ਼ਹਿਰ ਵਾਸੀ ਹੇਠ ਲਿਖੀਆਂ ਗੱਲਾਂ ਵੱਲ ਵਿਸ਼ੇਸ ਧਿਆਨ ਦੇਣ:-

1. ਘਰਾਂ ਦਾ ਕੂੜਾ ਗਿੱਲਾ ਅਤੇ ਸੁੱਕਾ ਅਲੱਗ ਅਲੱਗ ਕਰਕੇ ਨਗਰ ਪੰਚਾਇਤ ਦੀ ਰਿਕਸ਼ਾ ਰੇੜੀ , ਟਰਾਲੀ ਆਦਿ ਵਿੱਚ ਹੀ ਪਾਇਆ ਜਾਵੇ। ਘਰਾਂ ਦੇ ਬਾਹਰ ਰੂੜੀ ਆਦਿ ਨਾ ਲਗਾਈ ਜਾਵੇ। ਗਿੱਲੇ ਕੂੜੇ ਤੋਂ ਆਪਣੇ ਘਰਾਂ ਵਿੱਚ ਹੀ ਖਾਦ ਬਣਾਏ ਜਾਣ ਦੀ ਪ੍ਰਕਿਰਿਆ ਅਪਣਾਈ ਜਾਵੇ।
2. ਘਰਾਂ ਦੇ ਆਲੇ ਦੁਆਲੇ ਗੰਦਾ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ ਤਾਂ ਜੋ ਗੰਦੇ ਪਾਣੀ ਤੋਂ ਪੈਦਾ ਹੋਣ ਵਾਲੇ ਮੱਛਰ ਤੋਂ ਫੈਲਣ ਵਾਲੀ ਬਿਮਾਰੀ ਅਦਿ ਤੋਂ ਬੱਚਿਆ ਜਾ ਸਕੇ।
3. ਜਨਮ ਅਤੇ ਮੋਤ ਦਾ ਰਜਿਸਟ੍ਰੇਸ਼ਨ 21 ਦਿਨਾਂ ਦੇ ਅੰਦਰ ਅੰਦਰ ਕਰਵਾਇਆ ਜਾਵੇ।
4. ਮਕਾਨ ਦੁਕਾਨ ਦੀ ਉਸਾਰੀ ਸੁਰੂ ਕਰਨ ਤੋਂ ਪਹਿਲਾ ਨਗਰ ਪੰਚਾਇਤ ਪਾਸੋਂ ਨਕਸ਼ਾ ਜਰੂਰ ਪਾਸ ਕਰਵਾਇਆ ਜਾਵੇ ਅਤੇ ਆਪਣੇ ਘਰਾਂ/ਦੁਕਾਨਾਂ ਦਾ ਪ੍ਰਾਪਰਟੀ ਟੈਕਸ ਜਲਦ ਤੋਂ ਜਲਦ ਭਰਿਆ ਜਾਵੇ।
5. ਨਗਰ ਪੰਚਾਇਤ ਦੀ ਹਦੂਦ ਅੰਦਰ ਪਲਾਸਟਿਕ ਲਿਫਾਫੇ ਪੂਰੀ ਤਰ੍ਹਾਂ ਨਾਲ ਬੈਨ ਹਨ ਜੋ ਪਲਾਸਟਿਕ ਦੀ ਵਰਤੋਂ ਕਰਦਾ ਫੜਿਆ ਜਾਂਦਾ ਹੈ ਉਸ ਨੂੰ ਪਹਿਲੀ ਵਾਰ ਜੁਰਮਾਨਾਂ ਅਤੇ ਦੂਜੀ ਵਾਰ ਚਲਾਨ ਕੀਤਾ ਜਾਵੇਗਾ।

ਸਹੀ/-
ਕਾਰਜ ਸਾਧਕ ਅਫਸਰ
ਨਗਰ ਪੰਚਾਇਤ ਕੋਟ ਸ਼ਮੀਰ (ਬਠਿੰਡਾ)

# ਸਰਕਾਰੀ ਸਕੂਲਾਂ 'ਚ ਪੜਦੇ ਪ੍ਰੀ-ਪ੍ਰਾਇਮਰੀ ਜਮਾਤਾਂ ਦੇ ਬੱਚਿਆਂ ਦੀਆਂ ਮਾਵਾਂ ਨੇ ਜਾਣੇ ਬੱਚਿਆਂ ਦੇ ਅਧਿਕਾਰ ਅਤੇ ਸੁਰੱਖਿਆ ਸਬੰਧੀ ਨੁਕਤੇ

## ਪ੍ਰੀ ਪ੍ਰਾਇਮਰੀ ਬੱਚਿਆਂ ਦੀ ਇਸ ਸੈਸ਼ਨ ਦੀ ਤੀਜੀ ਮਦਰ ਵਰਕਸ਼ਾਪ ਰਹੀ ਸਫਲ : ਇੰਜ.ਅਮਰਜੀਤ ਸਿੰਘ

ਪਟਿਆਲਾ,
-ਰੋਜ਼ਾਨਾ ਸਵੇਰਾ-

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਵਿੱਚ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਇੰਜ.ਅਮਰਜੀਤ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਮਨਵਿੰਦਰ ਕੌਰ ਭੁੱਲਰ ਦੀ ਯੋਗ ਅਗਵਾਈ ਵਿੱਚ ਪਟਿਆਲਾ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹ ਰਹੇ ਪ੍ਰੀ-ਪ੍ਰਾਇਮਰੀ ਜਮਾਤਾਂ ਦੇ ਬੱਚਿਆਂ ਦੀਆਂ ਮਾਵਾਂ ਨੂੰ ਬੱਚਿਆਂ ਦੇ ਅਧਿਕਾਰਾਂ ਸਬੰਧੀ ਜਾਣਕਾਰੀ ਦੇਣ ਲਈ 'ਮਦਰ ਵਰਕਸ਼ਾਪ' ਲਗਾਈ ਗਈ।




ਇਸ ਸਬੰਧੀ ਜਾਣਕਾਰੀ ਦਿੰਦਿਆਂ ਇੰਜ.ਅਮਰਜੀਤ ਸਿੰਘ ਨੇ ਕਿਹਾ ਕਿ ਇਸ ਵਰਕਸ਼ਾਪ ਵਿੱਚ ਸਕੂਲ ਮੁਖੀਆਂ ਅਤੇ ਅਧਿਆਪਕਾਂ ਵੱਲੋਂ ਮਾਤਾਵਾਂ ਦਾ ਆਦਰ ਸਹਿਤ ਸਵਾਗਤ ਕੀਤਾ ਗਿਆ ਅਤੇ ਨਿਵੇਕਲੇ ਢੰਗਾਂ ਨਾਲ ਹਾਜ਼ਰੀ ਲਗਵਾਈ ਗਈ। ਸਿਖਲਾਈ ਵਰਕਸ਼ਾਪ ਦੌਰਾਨ ਸਮੂਹ ਬੱਚਿਆਂ ਦੀਆਂ ਮਾਵਾਂ ਨੂੰ ਪ੍ਰੀ-ਪ੍ਰਾਇਮਰੀ ਜਮਾਤਾਂ ਵਿੱਚ ਐੱਲ.ਕੇ.ਜੀ. ਅਤੇ ਯੂ.ਕੇ.ਜੀ. ਦੇ ਵਿਦਿਆਰਥੀਆਂ ਨੂੰ ਕਰਵਾਈਆਂ ਜਾਣ ਵਾਲੀਆਂ ਖੇਡ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ ਗਈ।

ਉਨ੍ਹਾਂ ਕਿਹਾ ਕਿ ਇਸ ਸਿਖਲਾਈ ਵਰਕਸ਼ਾਪ ਦਾ ਮੁੱਖ ਉਦੇਸ਼ ਮਾਤਾਵਾਂ ਅਤੇ ਸਰਪ੍ਰਸਤਾਂ ਨੂੰ ਬੱਚਿਆਂ ਦੇ ਵੱਖ-ਵੱਖ ਅਧਿਕਾਰਾਂ ਅਤੇ ਬੱਚਿਆਂ ਦੀ ਸੁਰੱਖਿਆ ਸਬੰਧੀ ਨੁਕਤਿਆਂ ਬਾਰੇ ਜਾਣਕਾਰੀ ਦੇਣਾ ਸੀ। ਇਸ ਵਰਕਸ਼ਾਪ ਦੌਰਾਨ ਵੱਖ-ਵੱਖ ਸਕੂਲਾਂ ਦੇ ਮੁਖੀਆਂ ਵੱਲੋਂ ਮਾਵਾਂ ਦੀ ਹਾਜ਼ਰੀ ਲਈ ਵਿਸ਼ੇਸ਼ ਆਕਰਸ਼ਣ ਵਾਲੇ ਚਾਰਟ ਤਿਆਰ ਕੀਤੇ ਗਏ। ਮਾਵਾਂ ਆਪਣੀ ਰੁਚੀ ਅਨੁਸਾਰ ਇਹਨਾਂ ਹਾਜ਼ਰੀ ਚਾਰਟਾਂ 'ਤੇ ਆਪਣੀ ਮਰਜ਼ੀ ਨਾਲ ਕੁਝ ਵੀ ਲਿਖ ਜਾਂ ਬਣਾ ਕੇ ਹਾਜ਼ਰੀ ਲਗਾਈ। ਮਾਵਾਂ ਵੱਖ-ਵੱਖ ਗਤੀਵਿਧੀਆਂ ਕਰਕੇ ਆਪਣੀ ਜਾਣ-ਪਛਾਣ ਵੀ ਕਰਵਾਈ। ਇਸ ਵਰਕਸ਼ਾਪ ਵਿੱਚ ਮਾਵਾਂ ਨੂੰ ਬੱਚਿਆਂ ਦੇ ਅਧਿਕਾਰਾਂ ਸਬੰਧੀ ਕਾਨੂੰਨਾਂ, ਨੀਤੀਆਂ ਅਤੇ ਹੋਰ ਪ੍ਰੋਗਰਾਮਾਂ ਬਾਰੇ ਵੀ ਵਰਕਸ਼ਾਪ ਵਿੱਚ ਜਾਣਕਾਰੀ ਮੁਹੱਈਆ ਕਰਵਾਈ ਗਈ।

ਇਸ ਮੌਕੇ ਮਨਵਿੰਦਰ ਕੌਰ ਭੁੱਲਰ ਨੇ ਦੱਸਿਆ ਕਿ ਬੱਚਿਆਂ ਦੀਆਂ ਮਾਵਾਂ ਨਾਲ਼ ਬੱਚਿਆਂ ਦੀ ਸੁਰੱਖਿਆ ਦੇ ਅਧਿਕਾਰ ਜਿਵੇਂ ਕਿ ਬਾਲ ਮਜ਼ਦੂਰੀ, ਤਸਕਰੀ, ਮਾਨਸਿਕ ਸ਼ੋਸ਼ਣ ਆਦਿ, ਬੱਚਿਆਂ ਦੇ ਵਿਕਾਸ ਸਬੰਧੀ ਅਧਿਕਾਰ ਜਿਵੇਂ ਕਿ ਸਿੱਖਿਆ ਅਤੇ ਮਨੋਰੰਜਨ ਸੰਬੰਧੀ, ਬੱਚਿਆਂ ਦੀ ਭਾਗੀਦਾਰੀ ਸੰਬੰਧੀ ਅਧਿਕਾਰ ਜਿਵੇਂ ਕਿ ਉਹਨਾਂ ਦੇ ਵਿਚਾਰ ਪ੍ਰਗਟਾਉਣ ਅਤੇ ਸੁਣਨ ਦਾ ਅਧਿਕਾਰ, ਭਰੂਣ ਹੱਤਿਆ ਸੰਬੰਧੀ ਜਾਗਰੂਕਤਾ, ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਅਧਿਕਾਰਾਂ ਬਾਰੇ ਵੀ ਚਰਚਾ ਕੀਤੀ। ਬੱਚਿਆਂ ਨਾਲ ਸੰਬੰਧੀ ਮਿਡ-ਡੇ-ਮੀਲ ਸਕੀਮ, ਸਰਵ ਸਿੱਖਿਆ ਅਭਿਆਨ ਅਤੇ ਸਮੱਗਰ ਸਿੱਖਿਆ ਅਭਿਆਨ, ਰਾਸ਼ਟਰੀ ਪੇਂਡੂ ਸਿਹਤ ਮਿਸ਼ਨ, ਪਲਸ ਪੋਲੀਓ ਮੁਹਿੰਮ ਅਤੇ ਹੋਰ ਵਿਸ਼ੇਸ਼ ਜਾਣਕਾਰੀਆਂ ਵੀ ਸਾਂਝੀਆਂ ਕੀਤੀ। ਮਾਵਾਂ ਨੂੰ ਪੋਕਸੋ ਐਕਟ 2012 ਬਾਰੇ ਵੀ ਉਚੇਚੇ ਤੌਰ 'ਤੇ ਬਹੁਤ ਸਾਰੀਆਂ ਗਤੀਵਿਧੀਆਂ ਕਰਵਾਈਆਂ ਗਈਆਂ ਜਿਸ ਨਾਲ ਛੋਟੇ-ਛੋਟੇ ਬੱਚਿਆਂ ਦੀਆਂ ਸਮੱਸਿਆਵਾਂ ਅਤੇ ਮਨੋਦਸ਼ਾ ਨੂੰ ਮਾਵਾਂ ਸੌਖੇ ਢੰਗ ਨਾਲ ਸਮਝ ਸਕਣਗੀਆਂ। ਇਸ ਵਰਕਸ਼ਾਪ ਦੌਰਾਨ ਪੋਕਸੋ ਐਕਟ 2012 ਸੰਬੰਧੀ ਇੱਕ ਦਸਤਾਵੇਜ਼ੀ ਫ਼ਿਲਮ ਵੀ ਮਾਵਾਂ ਨੂੰ ਸਕੂਲ ਵਿੱਚ ਦਿਖਾਈ ਗਈ।

# ਹਿਮਾਚਲ ਪ੍ਰਦੇਸ਼ ਦੇ ਨਤੀਜੇ ਉਤਸ਼ਾਹਜਨਕ; ਗੁਜਰਾਤ 'ਚ ਭਾਜਪਾ-ਆਪ ਵਿਚਾਲੇ ਫਿਕਸ ਮੈਚ: ਵੜਿੰਗ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਹਿਮਾਚਲ ਪ੍ਰਦੇਸ਼ ਵਿੱਚ ਪਾਰਟੀ ਦੀ ਜਿੱਤ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਇਹ ਪੂਰੇ ਦੇਸ਼ ਅਤੇ ਖਾਸ ਕਰਕੇ ਗੁਆਂਢੀ ਸੂਬੇ ਪੰਜਾਬ ਦੇ ਵਰਕਰਾਂ ਵਿੱਚ ਉਤਸ਼ਾਹਜਨਕ ਹੈ।

ਇਸ ਦੌਰਾਨ ਵੜਿੰਗ ਨੇ ਕਿਹਾ ਕਿ ਇੱਕ ਵਾਰ ਫਿਰ ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਵੱਲੋਂ ਇੱਕ ਦੂਜੇ ਦੀ ਮਦਦ ਕਰਨ ਦਾ ਇਤਿਹਾਸ ਰਚਿਆ ਗਿਆ ਹੈ, ਜਿਸ ਨਾਲ ਉਨ੍ਹਾਂ ਵੱਲੋਂ ਖੇਡਿਆ ਗਿਆ ਫਿਕਸ ਮੈਚ ਸਭ ਦੇ ਸਾਹਮਣੇ ਆ ਗਿਆ ਹੈ।

ਉਨ੍ਹਾਂ ਕਿਹਾ ਕਿ ਪਹਿਲੇ ਦਿਨ ਤੋਂ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਸੀ ਕਿ 'ਆਪ' ਗੁਜਰਾਤ ਵਿੱਚ ਭਾਜਪਾ ਦੀ ਮਦਦ ਕਰ ਰਹੀ ਸੀ ਅਤੇ ਹੁਣ ਇਹ ਗੱਲ ਸਾਹਮਣੇ ਆ ਗਈ ਹੈ। ਜਦੋਂਕਿ ਹਿਮਾਚਲ ਵਿੱਚ 'ਆਪ' ਦਾ ਕੋਈ ਆਧਾਰ ਨਹੀਂ ਹੈ ਅਤੇ ਕਾਂਗਰਸ ਨੇ ਆਸਾਨੀ ਨਾਲ ਭਾਜਪਾ ਨੂੰ ਖੁੱਡੇ ਲਾਈਨ ਲਗਾ ਦਿੱਤਾ ਹੈ।

ਉਂਜ ਇਨ੍ਹਾਂ ਨਤੀਜਿਆਂ ਵਿੱਚ ਇੱਕ ਵੱਡੀ ਗੱਲ ਇਹ ਸਾਹਮਣੇ ਆਈ ਹੈ ਕਿ 'ਆਪ' ਦਾ ਗੁਬਾਰਾ ਫਟ ਗਿਆ ਹੈ, ਜਿਸਦੀ ਉਮੀਦ ਕੀਤੀ ਜਾ ਰਹੀ ਸੀ ਅਤੇ ਲੋਕ ਪੰਜਾਬ ਦੇ ਖ਼ਜ਼ਾਨੇ 'ਤੇ ਬੋਝ ਪਾ ਕੇ ਕੀਤੇ ਜਾ ਰਹੇ ਝੂਠ ਅਤੇ ਫਰੇਬ ਪ੍ਰਚਾਰ ਨੂੰ ਸਮਝ ਚੁੱਕੇ ਹਨ।



ਹਿਮਾਚਲ 'ਚ ਪੂਰੇ ਜੋਸ਼ ਨਾਲ ਚੋਣ ਪ੍ਰਚਾਰ ਕਰਨ ਵਾਲੇ ਵੜਿੰਗ ਨੇ ਪਾਰਟੀ ਵਰਕਰਾਂ ਅਤੇ ਆਗੂਆਂ ਨਾਲ ਜਿੱਤ ਦਾ ਜਸ਼ਨ ਮਨਾਉਂਦੇ ਹੋਏ ਕਿਹਾ ਕਿ ਇਹ ਜਿੱਤ ਪੰਜਾਬ ਦੇ ਵਰਕਰਾਂ ਲਈ ਬਹੁਤ ਮਹੱਤਵਪੂਰਨ ਹੈ, ਜਿਨ੍ਹਾਂ ਨੇ ਉੱਥੇ (ਹਿਮਾਚਲ ਪ੍ਰਦੇਸ਼) 'ਚ ਸਖਤ ਮਿਹਨਤ ਕੀਤੀ ਸੀ ਅਤੇ ਹੁਣ ਨਗਰ ਨਿਗਮ ਚੋਣਾਂ ਤੋਂ ਪਹਿਲਾਂ ਖੁਦ ਨੂੰ ਹੋਰ ਜ਼ਿਆਦਾ ਉਤਸਾਹਿਤ ਮਹਿਸੂਸ ਕਰ ਰਹੇ ਹਨ।

ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਇਹ ਮੁਕਾਬਲਾ ਕਾਂਗਰਸ ਅਤੇ ਭਾਜਪਾ ਵਿਚਾਲੇ ਸੀ, ਕਿਉਂਕਿ ਸੂਬੇ ਵਿਚ ਦੋਵੇਂ ਪਾਰਟੀਆਂ ਨੇ ਜਿੱਤ ਹਾਸਲ ਕੀਤੀ ਸੀ ਅਤੇ ਉਨ੍ਹਾਂ ਨੂੰ ਯਕੀਨ ਹੈ ਕਿ ਪਾਰਟੀ (ਕਾਂਗਰਸ) ਹੋਰ ਸੂਬਿਆਂ ਵਿਚ ਆਉਣ ਵਾਲੀਆਂ ਚੋਣਾਂ ਵਿਚ ਆਪਣੇ ਅਨੁਪਾਤ ਵਿਚ ਹੋਰ ਸੁਧਾਰ ਕਰੇਗੀ।ਵੜਿੰਗ ਨੇ ਉਮੀਦ ਜਤਾਈ ਹੈ ਕਿ ਇਹ ਕਾਂਗਰਸ ਲਈ ਨਵੀਂ ਸ਼ੁਰੂਆਤ ਹੋਵੇਗੀ ਅਤੇ ਹਿਮਾਚਲ ਦੇ ਨਤੀਜੇ ਅਗਲੇ ਸਾਲ ਹੋਣ ਵਾਲੀਆਂ ਕਈ ਵਿਧਾਨ ਸਭਾਵਾਂ ਦੀਆਂ ਚੋਣਾਂ ਅਤੇ 2024 ਦੀਆਂ ਆਮ ਚੋਣਾਂ ਲਈ ਰਾਹ ਪੱਧਰਾ ਕਰਨਗੇ।

ਪਿਛਲੇ ਕਈ ਮਹੀਨਿਆਂ ਤੋਂ ਗੁਜਰਾਤ ਵਿੱਚ ਭਾਜਪਾ ਲਈ ਪ੍ਰਚਾਰ ਕਰ ਰਹੇ ਪੰਜਾਬ ਦੇ 'ਆਪ' ਆਗੂਆਂ 'ਤੇ ਚੁਟਕੀ ਲੈਂਦਿਆਂ, ਉਨ੍ਹਾਂ ਕਿਹਾ ਕਿ ਇਹ ਕਾਂਗਰਸ ਹੀ ਹੈ ਅਤੇ ਸਿਰਫ਼ ਕਾਂਗਰਸ ਹੀ ਭਾਜਪਾ ਨੂੰ ਕਦੇ ਵੀ, ਕਿਤੇ ਵੀ ਹਰਾ ਸਕਦੀ ਹੈ

# ਰਿਆਤ ਬਾਹਰਾ ਯੂਨੀਵਰਸਿਟੀ ਵਿਖੇ ਡਰੋਨ ਤਕਨਾਲੋਜੀ 'ਤੇ ਵਰਕਸ਼ਾਪ ਦਾ ਆਯੋਜਨ

ਖਰੜ,
-ਰੋਜ਼ਾਨਾ ਸਵੇਰਾ-

ਰਿਆਤ ਬਾਹਰਾ ਯੂਨੀਵਰਸਿਟੀ ਸਕੂਲ ਆਫ ਇੰਜਨੀਅਰਿੰਗ ਐਂਡ ਟੈਕਨਾਲੋਜੀ ਵਿਖੇ ਡਰੋਨ ਤਕਨਾਲੋਜੀ 'ਤੇ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਹ ਦੋ ਰੋਜ਼ਾ ਵਰਕਸ਼ਾਪ ਆਈਕਯੂਬੀਆਰਆਈ ਵਰਟੀਕਲਜ਼ ਪ੍ਰਾਇਵੇਟ ਲਿਮਟਿਡ (9) ਦੁਆਰਾ ਆਯੋਜਿਤ ਕੀਤੀ ਗਈ ਸੀ।

ਇਸ ਦੌਰਾਨ ਕੁਲਜੀਤ ਸੰਧੂ ਦੇ ਨਾਲ ਡਾਇਰੈਕਟਰ ਜਨਰਲ ਆਫ ਸਿਵਲ ਏਵੀਏਸ਼ਨ (ਡੀਜੀਸੀਏ) ਦੇ ਪ੍ਰਮਾਣਿਤ ਟ੍ਰੇਨਰ ਸ਼ਸ਼ਾਂਕ ਮੁਤਨੇਜਾ ਅਤੇ ਸ਼ਿਆਨ ਅਲੀ ਨੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਡਰੋਨ ਦੇ ਕੰਮ ਕਰਨ ਬਾਰੇ ਸਿਖਲਾਈ ਦਿੱਤੀ।
ਟ੍ਰੇਨਰਾਂ ਵੱਲੋਂ ਵਿਦਿਆਰਥੀਆਂ ਨੂੰ ਮੈਨੂਅਲ ਫਲਾਇੰਗ ਸੈਸ਼ਨ ਦਿੱਤਾ ਗਿਆ।ਉਨਾਂ ਨੇ ਵਿਦਿਆਰਥੀਆਂ ਨੂੰ ਡਰੋਨ ਤਕਨਾਲੋਜੀ ਵਿੱਚ ਕਰੀਅਰ ਦੇ ਵੱਖ-ਵੱਖ ਮੌਕਿਆਂ ਬਾਰੇ ਵੀ ਦੱਸਿਆ।ਵਿਦਿਆਰਥੀਆਂ ਨੇ ਡਰੋਨ ਫਲਾਈਟ ਪਲੈਨਿੰਗ ਸਿਖਲਾਈ ਸੈਸ਼ਨ ਵਿੱਚ ਵੀ ਹਿੱਸਾ ਲਿਆ ਅਤੇ ਵਰਕਸ਼ਾਪ ਵਿੱਚ ਡਰੋਨ ਤਕਨੀਕ ਬਾਰੇ ਜਾਣਕਾਰੀ ਹਾਸਲ ਕੀਤੀ।
ਇਹ ਵਰਕਸ਼ਾਪ ਡੀਨ, ਯੂਨੀਵਰਸਿਟੀ ਸਕੂਲ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਡਾ. ਅਨਮੋਲ ਗੋਇਲ ਅਤੇ ਇਲੈਕਟ੍ਰੀਕਲ ਅਤੇ ਇਲੈਕਟ੍ਰੋਨਿਕਸ ਇੰਜਨੀਅਰਿੰਗ ਵਿਭਾਗ ਦੇ ਮੁਖੀ ਡਾ. ਮਨਦੀਪ ਸੰਧੂ ਦੀ ਦੇਖ-ਰੇਖ ਹੇਠ ਕਰਵਾਈ ਗਈ।
ਇਸ ਮੌਕੇ ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ, ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ ਨੇ ਵਰਕਸ਼ਾਪ ਦੇ ਆਯੋਜਨ ਵਿੱਚ ਵਿਭਾਗ ਦੇ ਇਸ ਉੱਦਮ ਦੀ ਸ਼ਲਾਘਾ ਕੀਤੀ।

# ਬੀਜੇਪੀ ਪੰਜਾਬ ਇਕਾਈ ਦੇ ਨਵਨਿਯੁਕਤ ਜਨਰਲ ਸਕੱਤਰ ਬਿਕਰਮਜੀਤ ਸਿੰਘ ਚੀਮਾ ਦਾ ਮਹੰਤ ਖਨੌੜਾ ਨੇ ਕੀਤਾ ਸਵਾਗਤ



ਨਾਭਾ,
-ਰੋਜ਼ਾਨਾ ਸਵੇਰਾ-

ਬੀਜੇਪੀ ਪੰਜਾਬ ਦੇ ਜਨਰਲ ਸਕੱਤਰ ਸ੍ਰ. ਬਿਕਰਮਜੀਤ ਸਿੰਘ ਚੀਮਾ ਦਾ ਕਿਸਾਨ ਮੋਰਚਾ ਦੇ ਜਿਲਾ ਪ੍ਰਧਾਨ ਮਹੰਤ ਜਸਵਿੰਦਰ ਸਿੰਘ ਖਨੌੜਾ ਨੇ ਆਪਣੇ ਗ੍ਰਿਹਿ ਚਹਿਲ ਵਿਖੇ ਸਵਾਗਤ ਕੀਤਾ। ਸਟੇਜ ਦੀ ਜਿੰਮੇਵਾਰੀ ਸ਼੍ਰੀ ਕਾਲਾ ਭੜੀ ਨੇ ਬਹੁਤ ਖੂਬ ਨਿਭਾਈ। ਇਸ ਮੌਕੇ ਵੱਖ ਆਗੂਆਂ ਨੇ ਸੰਬੋਧਨ ਕੀਤਾ। ਵਿਸ਼ਾਲ ਸ਼ਰਮਾ ਨੇ ਗੁਜਰਾਤ ਵਿਚ ਬੀਜੇਪੀ ਦੀ ਜਿੱਤ ਦੀ ਵਧਾਈ ਦਿੰਦਿਆ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਪੂਰੇ ਦੇਸ਼ ਵਿੱਚ ਬੀਜੇਪੀ ਦੀ ਸਰਕਾਰ ਹੋਵੇਗੀ। ਸ੍ਰ. ਗੁਰਪ੍ਰੀਤ ਸਿੰਘ ਸ਼ਾਹਪੁਰ ਨੇ ਵੀ ਆਪਣੇ ਸੰਬੋਧਨ ਵਿਚ ਬੀਜੇਪੀ ਦੀ ਲੋਕ ਪੱਖੀ ਨੀਤੀਆਂ ਅਤੇ ਬੀਜੇਪੀ ਦੀ ਲੀਡਰਸ਼ਿਪ ਇਮਾਨਦਾਰ ਲੀਡਰਸ਼ਿਪ ਦੀ ਦੂਰ ਅੰਦੇਸ਼ੀ ਅਤੇ ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ ਸਦਕਾ ਗੁਜਰਾਤ ਵਿਚ ਪ੍ਰਚੰਡ ਬਹੁਮਤ ਨਾਲ ਸਰਕਾਰ ਦਾ ਗਠਨ ਕੀਤਾ ਹੈ। ਸ੍ਰ. ਚੀਮਾ ਨੇ ਆਪਣੇ ਸੰਬੋਧਨ ਵਿਚ ਪੰਜਾਬ ਦੀ ਸਰਕਾਰ ਤੇ ਇਲਜ਼ਾਮ ਲਗਾਇਆ ਕਿ ਸੂਬੇ ਵਿਚ ਅਮਨ ਕਾਨੂੰਨ ਬੇਹੱਦ ਖਤਰਨਾਕ ਹੋ ਚੁੱਕੇ ਹਨ । ਅਪਰਾਧੀ ਬੇਖ਼ੌਫ਼ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ। ਸੂਬੇ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਅਤੇ ਉਨ੍ਹਾਂ ਦੀ ਕੈਬਨਿਟ ਦੂਸਰੇ ਸੂਬਿਆਂ ਵਿਚ ਚੋਣ ਪ੍ਰਚਾਰ ਵਿੱਚ ਲੱਗੀ ਰਹੀ। ਬੇਰੋਜ਼ਗਾਰੀ ਸੂਬੇ ਵਿਚ ਹਾਵੀ ਹੋ ਚੁੱਕੀ ਹੈ ਨਸ਼ਾ ਨੇ ਸੂਬੇ ਦੀ ਜਵਾਨੀ ਨੂੰ ਲਗਭਗ ਖਤਮ ਕਰ ਦਿੱਤਾ ਹੈ। ਸੂਬੇ ਵਿਚੋਂ ਇੰਡਸਟਰੀ ਵੀ ਦੂਸਰੇ ਸੂਬਿਆਂ ਵਿਚ ਜਾ ਚੁੱਕੀ ਹੈ। ਸੂਬੇ ਵਿਚ ਬੇਰੋਜ਼ਗਾਰੀ ਵੀ ਆਪਣੇ ਚਰਮ ਤੇ ਜਾ ਚੁੱਕੀ ਹੈ। ਸੂਬੇ ਦੇ ਨੌਜਵਾਨ ਦੂਸਰੇ ਦੇਸ਼ਾਂ ਵਿਚ ਰੁਜ਼ਗਾਰ ਦੀ ਭਾਲ ਵਿਚ ਜਾ ਰਹੇ ਹਨ।

ਸੂਬੇ ਵਿਚ ਅਮਨ ਕਾਨੂੰਨ ਦੀ ਇੰਨੀ ਮਾੜੀ ਹੋ ਚੁੱਕੀ ਹੈ ਕਿ ਘਰੋਂ ਜਾਣ ਤੋਂ ਬਾਅਦ ਵਾਪਿਸ ਮੁੜਨ ਦੀ ਗਾਰੰਟੀ ਨਹੀਂ ਹੁੰਦੀ। ਸੂਬੇ ਵਿਚ ਹਰ ਪਾਸੇ ਹਾਹਾਕਾਰ ਹੋ ਚੁੱਕੀ ਹੈ।

ਪੰਜਾਬ ਦੀ ਵਿਗੜ ਰਹੀ ਹਾਲਤ ਬਾਰੇ ਕੇਂਦਰ ਨੂੰ ਧਿਆਨ ਵਿਚ ਲਿਆਂਦਾ ਜਾਵੇਗਾ
ਇਸ ਸਮੇਂ ਸ੍ਰ. ਚੀਮਾ ਨੇ ਗੁਜਰਾਤ ਜਿੱਤ ਤੇ ਲੱਡੂ ਵੰਡ ਕੇ ਖੁਸ਼ੀ ਮਨਾਈ। ਇਸ ਸਮੇਂ ਮਨਿੰਦਰ ਸਿੰਘ ਕਪਿਆਲ ,ਸ਼੍ਰੀ ਅਮਿਤ ਜਿੰਦਲ , ਡਾਕਟਰ ਸ਼ੈਲੀ, ਨਾਭਾ ਤੋਂ ਸ਼੍ਰੀ ਵਿਸ਼ਾਲ ਸ਼ਰਮਾ, ਸ਼੍ਰੀ ਅਸ਼ਵਨੀ ਸ਼ਰਮਾ ਦੁਲੱਦੀ। ਸੈਂਕੜੇ ਭਾਰਤੀ ਜਨਤਾ ਪਾਰਟੀ ਦੇ ਸਮਰਥਕ ਅਤੇ ਆਗੂ ਸ਼ਾਮਿਲ ਸਨ।

# ਪੋਲਟਰੀ ਪਾਲਕਾਂ ਅਤੇ ਹੋਰਨਾਂ ਭਾਈਵਾਲਾਂ ਦਾ ਸ਼ੋਸ਼ਣ ਬਰਦਾਸ਼ਤ ਨਹੀਂ: ਲਾਲਜੀਤ ਸਿੰਘ ਭੁੱਲਰ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਪੰਜਾਬ ਦੇ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਅੱਜ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਸੂਬੇ ਦੇ ਪੋਲਟਰੀ/ਬਰਾਇਲਰ ਫ਼ਾਰਮਰਾਂ ਅਤੇ ਹੋਰਨਾਂ ਭਾਈਵਾਲਾਂ ਦੇ ਹੱਕਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਕਿਸੇ ਨੂੰ ਵੀ ਇਨ੍ਹਾਂ ਕਿਸਾਨਾਂ ਦਾ ਸ਼ੋਸ਼ਣ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।



ਕੈਬਨਿਟ ਮੰਤਰੀ ਨੇ ਸਿਵਲ ਸਕੱਤਰੇਤ ਸਥਿਤ ਆਪਣੇ ਦਫ਼ਤਰ ਵਿਖੇ ਇੰਡੀਪੈਂਡੈਂਟ ਪੋਲਟਰੀ ਫ਼ਾਰਮ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਅਹਿਮ ਮੀਟਿੰਗ ਕੀਤੀ ਜਿਸ ਵਿੱਚ ਮੁੱਖ ਸਕੱਤਰ ਸ੍ਰੀ ਵਿਜੈ ਕੁਮਾਰ ਜੰਜੂਆ ਅਤੇ ਪ੍ਰਮੁੱਖ ਸਕੱਤਰ ਪਸ਼ੂ ਪਾਲਣ ਸ੍ਰੀ ਵਿਕਾਸ ਪ੍ਰਤਾਪ ਹਾਜ਼ਰ ਹੋਏ।

ਐਸੋਸੀਏਸ਼ਨ ਦੇ ਨੁਮਾਇੰਦਿਆਂ ਨੇ ਪਸ਼ੂ ਪਾਲਣ ਮੰਤਰੀ ਨੂੰ ਦੱਸਿਆ ਕਿ ਕੰਟਰੈਕਟ ਕੰਪਨੀਆਂ ਪੋਲਟਰੀ ਉਤਪਾਦਾਂ ਸਬੰਧੀ ਕੀਤੇ ਸਮਝੌਤਿਆਂ 'ਤੇ ਖਰਾ ਨਹੀਂ ਉਤਰਦੀਆਂ ਜਿਸ ਕਾਰਨ ਪੋਲਟਰੀ ਕਿੱਤੇ ਵਿੱਚ ਨੁਕਸਾਨ ਝੱਲਣਾ ਪੈਂਦਾ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਮਾਨ ਸਰਕਾਰ ਕੰਟਰੈਕਟ ਕੰਪਨੀਆਂ ਹੱਥੋਂ ਕਿਸਾਨਾਂ ਦਾ ਸ਼ੋਸ਼ਣ ਨਹੀਂ ਹੋਣ ਦੇਵੇਗੀ ਅਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਹਰ ਪਹਿਲੂ 'ਤੇ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਮੁੱਖ ਸਕੱਤਰ ਸ੍ਰੀ ਵਿਜੈ ਕੁਮਾਰ ਜੰਜੂਆ ਅਤੇ ਪਸ਼ੂ ਪਾਲਣ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਵਿਕਾਸ ਪ੍ਰਤਾਪ ਨੂੰ ਇਸ ਮਾਮਲੇ ਵੱਲ ਉਚੇਚਾ ਧਿਆਨ ਦੇਣ ਲਈ ਕਿਹਾ।

ਮੀਟਿੰਗ ਦੌਰਾਨ ਫ਼ੈਸਲਾ ਕੀਤਾ ਗਿਆ ਕਿ ਕਿਸੇ ਨਤੀਜੇ 'ਤੇ ਪਹੁੰਚਣ ਤੋਂ ਪਹਿਲਾਂ ਕੰਟਰੈਕਟ ਬਰਾਇਲਰ ਫ਼ਾਰਮਰ ਐਸੋਸੀਏਸ਼ਨ ਦੇ ਨੁਮਾਇੰਦਿਆਂ ਅਤੇ ਹੋਰਨਾਂ ਭਾਈਵਾਲਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਜਾਵੇਗੀ ਤਾਂ ਜੋ ਸਾਰੇ ਭਾਈਵਾਲਾਂ ਦੇ ਹਿੱਤਾਂ ਦਾ ਧਿਆਨ ਰੱਖਿਆ ਜਾ ਸਕੇ।

# ਗ੍ਰਾਮ ਸਭਾ ਇਜ਼ਲਾਸ ਦੌਰਾਨ ਸਿਹਤ ਵਿਭਾਗ ਦੀਆਂ ਸਕੀਮਾਂ ਬਾਰੇ ਜਾਗਰੂਕ ਕੀਤਾ

ਬਠਿੰਡਾ,
-ਰੋਜ਼ਾਨਾ ਸਵੇਰਾ-

ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਲੋਕਾਂ ਨੂੰ ਵੱਖ-ਵੱਖ ਤਰਾਂ ਦੀਆਂ ਸਿਹਤ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ । ਇਹਨਾਂ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਸਿਹਤ ਕਰਮਚਾਰੀ ਨਿਰੰਤਰ ਯਤਨਸੀਲ ਰਹਿੰਦੇ ਹਨ । ਇਸੇ ਲੜੀ ਅਧੀਨ ਸਿਵਲ ਸਰਜਨ ਡਾਕਟਰ ਤੇਜਵੰਤ ਸਿੰਘ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਹਰਿੰਦਰਪਾਲ ਸਿੰਘ ਦੀ ਯੋਗ ਅਗਵਾਈ ਹੇਠ ਭਗਤਾ ਬਲਾਕ ਵਿਖੇ ਗ੍ਰਾਮ ਸਭਾ ਦੌਰਾਨ ਲੋਕਾਂ ਨੂੰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਲੋਕਾਂ ਦੀ ਭਲਾਈ ਲਈ ਚਲਾਈਆ ਜਾ ਰਹੀਆਂ ਸਕੀਮਾਂ ਸਬੰਧੀ ਜਾਗਰੂਕ ਕੀਤਾ ਗਿਆ । ਪਿੰਡ ਆਦਮਪੁਰਾ ਵਿਖੇ ਪੰਚਾਇਤ ਘਰ ਵਿਖੇ ਹੋਏ ਗ੍ਰਾਮ ਸਭਾ ਇਜ਼ਲਸ ਦੌਰਾਨ ਸਿਹਤ ਵਿਭਾਗ ਵੱਲੋਂ ਵਿਸ਼ੇਸ ਤੌਰ ਤੇ ਪਹੁੰਚੇ ਬਲਾਕ ਐਜੂਕੇਟਰ ਮਾਲਵਿੰਦਰ ਸਿੰਘ ਤਿਊਣਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਲੋਕਾਂ ਦੀ ਚੰਗੀ ਸਿਹਤ ਲਈ ਵਚਨਬੱਧ ਹੈ । ਇਸੇ ਲਈ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਅਨੇਕਾਂ ਅਜਿਹੀਆਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ । ਜਿਨ੍ਹਾਂ ਦੀ ਸਹੂਲਤ ਲੋੜਵੰਦ ਲੋਕ ਲੈ ਸਕਦੇ ਹਨ । ਉਹਨਾਂ ਇਸ ਮੌਕੇ ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਸ ਸਕੀਮ ਅਧੀਨ ਪੰਜਾਬ ਸਰਕਾਰ ਵੱਲੋਂ ਕੈਂਸਰ ਦੇ ਰੋਗੀਆਂ ਨੂੰ ਇਲਾਜ਼ ਲਈ ਡੇਢ ਲੱਖ ਰੁਪਏ ਦੇ ਇਲਾਜ਼ ਦੀ ਸਹੂਲਤ ਦਿੱਤੀ ਜਾਂਦੀ ਹੈ ।

# ਹਿਮਾਚਲ ਵਿੱਚ ਮਿਲੀ ਸ਼ਾਨਦਾਰ ਜਿੱਤ ਤੇ ਕਾਂਗਰਸੀਆਂ ਵੰਡੇ ਲੱਡੂ

ਖਰੜ
-ਰੋਜ਼ਾਨਾ ਸਵੇਰਾ-

ਹਿਮਾਚਲ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੀ ਹੋਈ ਸ਼ਾਨਦਾਰ ਜਿੱਤ 'ਤੇ ਅੱਜ ਜਿਲਾ ਮੋਹਾਲੀ ਤੋਂ ਕਾਂਗਰਸ ਦੇ ਜ਼ਿਲਾ ਪ੍ਰਧਾਨ ਰਣਜੀਤ ਸਿੰਘ ਜੀਤੀ ਪਡਿਆਲਾ ਦੀ ਅਗਵਾਈ ਵਿਚ ਕਾਂਗਰਸੀ ਆਗੂਆਂ ਤੇ ਵਰਕਰਾਂ ਨੇ ਜਿੱਤ ਦਾ ਜਸ਼ਨ ਮਨਾਉਂਦਿਆਂ ਲੱਡੂ ਵੰਡੇ । ਇਸ ਮੌਕੇ ਪ੍ਰਧਾਨ ਜੀਤੀ ਪਡਿਆਲਾ ਨੇ ਕਿਹਾ ਕਿ ਆਲ ਇੰਡੀਆ ਕਾਂਗਰਸ ਪਾਰਟੀ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਨੇ ਹਿਮਾਚਲ ਵਿਧਾਨ ਸਭਾ ਚੋਣਾਂ ਵਿੱਚ ਬਿਹਤਰ ਕਾਰਗੁਜ਼ਾਰੀ ਦਾ ਪ੍ਰਦਰਸ਼ਨ ਕਰਦਿਆਂ ਸ਼ਾਨਦਾਰ ਜਿੱਤ ਪ੍ਰਾਪਤ ਹੋਈ ਹੈ । ਹਿਮਾਚਲ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ 'ਚ ਕਾਂਗਰਸ ਪਾਰਟੀ ਨੇ 39 ਸੀਟਾਂ 'ਤੇ ਜਿੱਤ ਦਾ ਝੰਡਾ ਗੱਡਦਿਆਂ ਬਹੁਮਤ ਹਾਸਿਲ ਕੀਤਾ ਹੈ ਅਤੇ ਇਸ ਜਿੱਤ ਨਾਲ ਵਿਰੋਧੀਆਂ ਦੇ ਸਾਰੇ ਭਰਮ ਭੁਲੇਖੇ ਦੂਰ ਹੋ ਗਏ ਹਨ । ਹਿਮਾਚਲ ਵਿੱਚ ਜਿੱਤ ਦਾ ਝੰਡਾ ਗੱਡਣ 'ਤੇ ਉਨਾਂ ਹਿਮਾਚਲ ਕਾਂਗਰਸ ਦੇ ਸਮੂਹ ਆਗੂਆਂ ਅਤੇ ਵਰਕਰਾਂ ਨੂੰ ਵਧਾਈ ਦਿੱਤੀ ਅਤੇ ਸਮੁੱਚੇ ਵੋਟਰਾਂ, ਸਪੋਰਟਰਾਂ ਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਜਿਨਾਂ ਨੇ ਆਪਣੀਆਂ ਵੋਟਾਂ ਪਾ ਕੇ ਕਾਂਗਰਸ ਪਾਰਟੀ ਦਾ ਮਾਣ ਵਧਾਇਆ ਹੈ ।



# ਸਤਿੰਦਰਪਾਲ ਸਿੰਘ ਦੀ ਪੁਸਤਕ 'ਇਕ ਅਧਿਆਪਕ ਦਾ ਜੀਵਨ ਸ.ਫਰ' ਲੋਕ ਅਰਪਣ

ਖੰਨਾ,
-ਰੋਜ਼ਾਨਾ ਸਵੇਰਾ-

– ਪੰਜਾਬੀ ਲਿਖਾਰੀ ਸਭਾ ਰਾਮਪੁਰ ਸਭਾ ਦਾ ਮਾਸਿਕ ਇੱਕਤਰਤਾ ਸਭਾ ਦੇ ਲਾਇਬਰੇਰੀ ਹਾਲ ਵਿਖੇ ਜਸਵੀਰ ਝੱਜ ਦੀ ਪ੍ਰਧਾਨਗੀ ਹੇਠਾਂ ਹੋਈ। ਰਚਨਾਵਾਂ ਦੇ ਦੌਰ ਵਿਚ ਸਿਮਰਨਜੀਤ ਕੌਰ ਅਹਿਲਾਵਤ ਨੇ 'ਨਵਾਂ ਸਫ਼ਰ', ਪੰਮੀ ਹਬੀਬ ਨੇ 'ਕਿਸ ਦਿਨ ਨਾਂਗਾ ਪਾਵਾਂ, ਮੈਂ ਪੀ ਕੇ ਸੋਚਾਂ', ਮਨਜੀਤ ਘਣਗਸ ਨੇ 'ਚੱਲਦਾ ਨਹੀਂ ਪੁਰਾਣੇ ਰਸਤੇ ਮੈਂ ਹਾਂ ਰਸਤੇ ਨਵੇਂ ਬਨਾਉਂਦਾ', ਕਰਮਜੀਤ ਢਿੱਲੋਂ ਨੇ ਕਵਿਤਾ ਛੰਦ ਵਿਚ 'ਕਾਰਨ ਹੈ ਦੁੱਖ ਦੀ, ਸ਼ਰਾਬ ਮੱਤ ਮਾਰਨ ਹੈ' (ਕਵਿਤਾ), ਸੁਰਿੰਦਰ ਰਾਮਪੁਰੀ ਨੇ ਕਹਾਣੀ 'ਛੇਕ', ਸਰਦਾਰ ਪੰਛੀ ਨੇ 'ਤੇਰਾ ਜਜ਼ਬਾ ਨਹੀਂ ਹੋਤਾ ਯੇਹ ਅਕਾਸ਼ ਹੁਸੀਂ ਨਹੀਂ ਹੋਤਾ', ਪ੍ਰਭਜੋਤ ਸਿੰਘ ਨੇ 'ਏਨਾ ਅਸਰ ਦੁਆਵਾਂ ਵਿਚ, ਕੰਕਰ ਵੀ ਨਹੀ ਰਾਹਵਾਂ ਵਿਚ', ਜੋਰਾਵਰ ਸਿੰਘ ਪੰਛੀ ਨੇ 'ਰਾਤ ਪੈਂਦੀ ਆਣ ਲੱਗਦੈ ਰੋਜ ਇੱਕਲਾਪਾ ਗਲੇ', ਜਗਤਾਰ ਸੇਖਾ ਨੇ 'ਬਸ ਏਹੀ ਹੈ ਗੁਨਾਹ ਐਸਾ ਜੋ ਵਾਰ ਵਾਰ ਕਰਦਾ ਹਾਂ' (ਗ਼ਜ਼ਲ), ਬਲਵੰਤ ਮਾਂਗਟ ਨੇ ਲੇਖ 'ਕਹਾਣੀ ਜ਼ਿੰਦਗੀ ਦੀ', ਭਗਵੰਤ ਲਿੱਟ ਨੇ 'ਸਾਡਿਆਂ ਪੈਰਾਂ ਨੂੰ ਹੁਣ ਮੰਜ਼ਲਾਂ ਨਸੀਬ ਨੇ', ਦੀਪ ਦਿਲਬਰ ਨੇ 'ਇੱਕ ਵਾਰ ਪੈਰ ਅੱਗੇ ਵਧਾ ਫੇਰ ਦੁਨੀਆਂ ਦੇਖੀਂ ਤੇਰੇ ਪੈਰਾਂ ਵਿਚ ਹੋਊਗੀ', ਹਰਬੰਸ ਮਾਲਵਾ ਨੇ 'ਕਿਸੇ ਕਿਸੇ ਦੇ ਹਿੱਸੇ ਆਉਂਦੈ ਖੜ੍ਹਕੇ ਚੌਰਾਹੇ ਵਿਚ ਸੱਚ ਬੋਲਣਾ', ਅਤੇ ਦਲਬੀਰ ਕਲੇਰ ਨੇ ਗੀਤ ਸੁਣਾਇਆ। ਪੜ੍ਹੀਆਂ-ਸੁਣੀਆਂ ਰਚਨਾਵਾਂ 'ਤੇ ਰਚਨਾਕਾਰਾਂ ਦੇ ਨਾਲ-ਨਾਲ ਨੀਤੂ ਰਾਮਪੁਰ, ਬਲਦੇਵ ਸਿੰਘ ਝੱਜ, ਜਸਵੀਰ ਝੱਜ, ਸਤਿੰਦਰਪਾਲ ਸਿੰਘ, ਅਨਿਲ ਫਤਿਹਗੜ੍ਹ ਜੱਟਾਂ, ਵਰਿੰਦਰਪਾਲ ਸਿੰਘ, ਬਲਵਿੰਦਰ ਸਿੰਘ, ਨਵਜੀਤ ਸਿੰਘ, ਹਰਜਿੰਦਰ ਸਿੰਘ, ਹਰਮਨਦੀਪ ਆਦਿ ਨੇ ਸਾਰਥਿਕ ਅਤੇ ਉਸਾਰੂ ਟਿੱਪਣੀਆਂ ਕੀਤੀਆਂ। ਹਾਜ਼ਰ ਲੇਖਕਾਂ ਨੇ ਸਤਿੰਦਰਪਾਲ ਸਿੰਘ ਦੀ ਪੁਸਤਕ 'ਇੱਕ ਅਧਿਆਪਕ ਦਾ ਜੀਵਨ ਸਫ਼ਰ' ਨੂੰ ਲੋਕ ਅਰਪਣ ਕੀਤਾ। ਇਸ ਪੁਸਤਕ ਸਬੰਧੀ ਸਰਿੰਦਰ ਰਾਮਪੁਰੀ ਨੇ ਕਿਹਾ ਕਿ 'ਇਸ ਪੁਸਤਕ ਵਿਚ ਇੱਕ ਅਧਿਆਪਕ ਨੂੰ ਕੀ-ਕੀ ਮੁਸ਼ਕਿਲਾਂ ਆਉਂਦੀਆਂ ਹਨ, ਚੰਗੇ ਅਧਿਆਪਕ ਦੇ ਬੱਚਿਆਂ ਪ੍ਰਤੀ ਕਰਤੱਵਾਂ ਬਾਰੇ ਲੇਖਕ ਨੇ ਵਿਸਥਾਰ ਵਿਚ ਪੇਸ਼ ਕੀਤਾ ਹੈ। ਦੀਪ ਦਿਲਬਰ ਨੇ ਕਿਹਾ ਕਿ ਮੈਨੂੰ ਇਹ ਪੁਸਤਕ ਛਾਪ ਕੇ ਤਸੱਲੀ ਭਰੀ ਖੁਸ਼ੀ ਹੋਈ ਹੈ। ਜਸਵੀਰ ਝੱਜ ਨੇ ਕਿਹਾ ਕਿ ਲੇਖਕ ਦੇ ਨੌਕਰੀ ਤੇ ਹਾਜ਼ਰ ਹੋਣ ਤੋਂ ਲੈ ਕੇ ਸੇਵਾ ਮੁਕਤੀ ਤੱਕ ਅਤੇ ਨੌਕਰੀ 'ਚ ਵਾਧਾ ਲੈਣ ਦੇ ਹਾਲਾਤ ਖੁਸ਼ੀ, ਗਮੀ, ਸਹਿਕ੍ਰਮੀਆਂ ਦਾ ਸਹਿਯੋਗ, ਚਾਲਾਂ ਤੇ ਅਨੇਕ ਰਹੱਸਾਂ ਤੋਂ ਪਰਦੇ ਚੁੱਕਣ ਦੀ ਭਰਪੂਰ ਜਾਣਕਾਰੀ ਹੈ।



# ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਜਨਮਦਿਨ ਬੜੀ ਧੂਮ-ਧਾਮ ਨਾਲ ਮਨਾਇਆ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਸ਼ੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਚੰਡੀਗੜ ਨਗਰ ਨਿਗਮ ਦੇ ਕੌਂਸਲਰ ਹਰਦੀਪ ਸਿੰਘ ਬੁਟਰੇਲਾ ਸਾਥੀਆਂ ਸਮੇਤ ਸਿਆਸਤ ਦੇ ਬਾਬਾ ਬੋਹੜ ਤੇ ਸੱਭ ਦੇ ਹਰਮਨ ਪਿਆਰੇ ਨੇਤਾ,ਪੰਥ ਰਤਨ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜਨਮ ਦਿਨ ਮੌਕੇ ਉਹਨਾਂ ਦੇ ਪਿੰਡ ਬਾਦਲ ਵਿਖੇ ਮੁਬਾਰਕਾਂ ਦਿੰਦੇ ਹੋਏ, ਪ੍ਰਕਾਸ਼ ਸਿੰਘ ਬਾਦਲ 5 ਵਾਰ ਪੰਜਾਬ ਦੇ ਮੁੱਖ ਮੰਤਰੀ ਅਤੇ 9 ਵਾਰੀ ਵਿਧਾਇਕ ਚੁਣੇ ਗਏ ਸਨ ,ਲੰਬਾ ਸਮਾਂ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਸੀ ਕੌਂਸਲਰ ਹਰਦੀਪ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦੱਸਿਆ ਕਿ ਅਸੀਂ ਪ੍ਰਮਾਤਮਾ ਅੱਗੇ ਉਹਨਾਂ ਦੀ ਲੰਬੀ ਉਮਰ ਤੇ ਚੰਗੀ ਸਿਹਤ ਦੀ ਕਾਮਨਾ ਕਰਦੇ ਹਾਂ ਭਾਰੀ ਗਿਣਤੀ ਵਿੱਚ ਸੀਨੀਅਰ ਨੇਤਾ ਅਤੇ ਵਰਕਰ ਪਹੁੰਚੇ ਹੋਏ ਸਨ।



# ਪਟਿਆਲਾ, ਸੰਗਰੂਰ, ਨਾਭਾ ਅਤੇ ਅਮਰਗੜ੍ਹ ਵਿੱਚ ਪ੍ਰਮੁੱਖ ਰਿਹਾਇਸ਼ੀ ਤੇ ਵਪਾਰਕ ਜਾਇਦਾਦਾਂ ਲਈ ਈ-ਨਿਲਾਮੀ ਸ਼ੁਰੂ

ਪਟਿਆਲਾ,
-ਰੋਜ਼ਾਨਾ ਸਵੇਰਾ-

ਪਟਿਆਲਾ ਡਿਵੈੱਲਪਮੈਂਟ ਅਥਾਰਟੀ (ਪੀ.ਡੀ.ਏ.) ਵੱਲੋਂ ਆਪਣੇ ਅਧਿਕਾਰ ਖੇਤਰ ਵਿੱਚ ਆਉਂਦੇ ਖੇਤਰਾਂ ਵਿੱਚ ਸਥਿਤ ਰਿਹਾਇਸ਼ੀ ਅਤੇ ਕਮਰਸ਼ੀਅਲ ਜਾਇਦਾਦਾਂ ਦੀ ਈ-ਨਿਲਾਮੀ ਸ਼ੁਰੂ ਕਰ ਦਿੱਤੀ ਗਈ ਹੈ। ਇਹ ਈ-ਨਿਲਾਮੀ 16 ਦਸੰਬਰ, 2022 ਨੂੰ ਦੁਪਹਿਰ 1 ਵਜੇ ਸਮਾਪਤ ਹੋਵੇਗੀ। ਈ-ਨਿਲਾਮੀ ਬਾਰੇ ਜਾਣਕਾਰੀ ਦਿੰਦਿਆਂ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਕੁੱਲ 220 ਜਾਇਦਾਦਾਂ ਬੋਲੀ ਲਈ ਉਪਲਬਧ ਹੋਣਗੀਆਂ। ਉਨ੍ਹਾਂ ਦੱਸਿਆ ਕਿ ਨਿਲਾਮੀ ਲਈ ਰੱਖੀਆਂ ਗਈਆਂ ਸਾਈਟਾਂ ਪਟਿਆਲਾ, ਸੰਗਰੂਰ, ਨਾਭਾ ਅਤੇ ਅਮਰਗੜ੍ਹ ਵਿੱਚ ਸਥਿਤ ਹਨ ਅਤੇ ਇਹ ਸਾਈਟਾਂ ਰਹਿਣ ਜਾਂ ਕਾਰੋਬਾਰ ਸ਼ੁਰੂ ਕਰਨ ਲਈ ਬਿਹਤਰੀਨ ਹਨ।

ਬੋਲੀ ਲਈ ਉਪਲੱਬਧ ਰਿਹਾਇਸ਼ੀ ਜਾਇਦਾਦਾਂ ਵਿੱਚ 90 ਪਲਾਟ ਸ਼ਾਮਲ ਹਨ, ਜਿਨ੍ਹਾਂ ਵਿੱਚ ਸਭ ਤੋਂ ਘੱਟ ਕੀਮਤ ਵਾਲੀ ਜਾਇਦਾਦ ਦੀ ਰਾਖਵੀਂ ਕੀਮਤ 15.03 ਲੱਖ ਰੁਪਏ ਹੈ। ਇਸ ਦੇ ਨਾਲ ਹੀ, ਬੋਲੀ ਲਈ ਉਪਲਬਧ ਵਪਾਰਕ ਜਾਇਦਾਦਾਂ ਵਿੱਚ 43 ਬੂਥ, 40 ਦੁਕਾਨਾਂ, 21 ਐਸ.ਸੀ.ਓ., 24 ਦੋ ਮੰਜਲੀ ਦੁਕਾਨਾਂ ਅਤੇ 2 ਐਸ.ਸੀ.ਐਫ. ਸ਼ਾਮਲ ਹਨ। ਬੁਲਾਰੇ ਨੇ ਦੱਸਿਆ ਕਿ ਵਪਾਰਕ ਜਾਇਦਾਦਾਂ ਲਈ ਸ਼ੁਰੂਆਤੀ ਕੀਮਤ 17.79 ਲੱਖ ਰੁਪਏ ਹੋਵੇਗੀ।

ਬੁਲਾਰੇ ਨੇ ਦੱਸਿਆ ਕਿ ਇੱਛੁਕ ਬੋਲੀਕਾਰਾਂ ਨੂੰ ਨਿਯਮਾਂ ਤੇ ਸ਼ਰਤਾਂ ਬਾਰੇ ਵਿਸਤ੍ਰਿਤ ਜਾਣਕਾਰੀ ਦੇ ਨਾਲ ਨਾਲ ਬੋਲੀ ਲਗਾਉਣ ਲਈ ਈ-ਨਿਲਾਮੀ ਪੋਰਟਲ www.puda.e-auctions.in 'ਤੇ ਆਪਣੇ ਆਪ ਨੂੰ ਰਜਿਸਟਰ ਕਰਨਾ ਹੋਵੇਗਾ।

ਸ੍ਵਚ੍ਛ ਭਾਰਤ
ਦਫਤਰ ਨਗਰ ਪੰਚਾਇਤ ਮਲੂਕਾ (ਬਠਿੰਡਾ)
ਸਵੱਛ ਭਾਰਤ ਮਿਸ਼ਨ
स्वच्छ भारत
एक कदम स्वच्छता की ओर
ਇਸ਼ਤਿਹਾਰ

☛ ਨਗਰ ਪੰਚਾਇਤ ਮਲੂਕਾ (ਬਠਿੰਡਾ) ਵਲੋਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਗੰਭੀਰ ਬਿਮਾਰੀਆਂ ਤੋਂ ਬਚਣ ਲਈ ਸ਼ਹਿਰ ਵਾਸੀ ਹੇਠ ਲਿਖੀਆਂ ਗੱਲਾਂ ਵੱਲ ਵਿਸ਼ੇਸ ਧਿਆਨ ਦੇਣ:-

1. ਘਰਾਂ ਦਾ ਕੂੜਾ ਗਿੱਲਾ ਅਤੇ ਸੁੱਕਾ ਅਲੱਗ ਅਲੱਗ ਕਰਕੇ ਨਗਰ ਪੰਚਾਇਤ ਦੀ ਰਿਕਸ਼ਾ ਰੇੜੀ , ਟਰਾਲੀ ਆਦਿ ਵਿੱਚ ਹੀ ਪਾਇਆ ਜਾਵੇ। ਘਰਾਂ ਦੇ ਬਾਹਰ ਰੂੜੀ ਆਦਿ ਨਾ ਲਗਾਈ ਜਾਵੇ। ਗਿੱਲੇ ਕੂੜੇ ਤੋਂ ਆਪਣੇ ਘਰਾਂ ਵਿੱਚ ਹੀ ਖਾਦ ਬਣਾਏ ਜਾਣ ਦੀ ਪ੍ਰਕਿਰਿਆ ਅਪਣਾਈ ਜਾਵੇ।
2. ਘਰਾਂ ਦੇ ਆਲੇ ਦੁਆਲੇ ਗੰਦਾ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ ਤਾਂ ਜੋ ਗੰਦੇ ਪਾਣੀ ਤੋਂ ਪੈਦਾ ਹੋਣ ਵਾਲੇ ਮੱਛਰ ਤੋਂ ਫੈਲਣ ਵਾਲੀ ਬਿਮਾਰੀ ਅਦਿ ਤੋਂ ਬੱਚਿਆ ਜਾ ਸਕੇ।
3. ਜਨਮ ਅਤੇ ਮੌਤ ਦਾ ਰਜਿਸਟ੍ਰੇਸ਼ਨ 21 ਦਿਨਾਂ ਦੇ ਅੰਦਰ ਅੰਦਰ ਕਰਵਾਇਆ ਜਾਵੇ।
4. ਮਕਾਨ ਦੁਕਾਨ ਦੀ ਉਸਾਰੀ ਸ਼ੁਰੂ ਕਰਨ ਤੋਂ ਪਹਿਲਾ ਨਗਰ ਪੰਚਾਇਤ ਪਾਸੋਂ ਨਕਸ਼ਾ ਜਰੂਰ ਪਾਸ ਕਰਵਾਇਆ ਜਾਵੇ ਅਤੇ ਆਪਣੇ ਘਰਾਂ/ਦੁਕਾਨਾਂ ਦਾ ਪ੍ਰਾਪਰਟੀ ਟੈਕਸ ਜਲਦ ਤੋਂ ਜਲਦ ਭਰਿਆ ਜਾਵੇ।
5. ਨਗਰ ਪੰਚਾਇਤ ਦੀ ਹਦੂਦ ਅੰਦਰ ਪਲਾਸਟਿਕ ਲਿਫਾਫੇ ਪੂਰੀ ਤਰ੍ਹਾਂ ਨਾਲ ਬੈਨ ਹਨ ਜੋ ਪਲਾਸਟਿਕ ਦੀ ਵਰਤੋਂ ਕਰਦਾ ਫੜਿਆ ਜਾਂਦਾ ਹੈ ਉਸ ਨੂੰ ਪਹਿਲੀ ਵਾਰ ਜੁਰਮਾਨਾਂ ਅਤੇ ਦੂਜੀ ਵਾਰ ਚਲਾਨ ਕੀਤਾ ਜਾਵੇਗਾ।

ਸਹੀ/-
ਕਾਰਜ ਸਾਧਕ ਅਫਸਰ
ਨਗਰ ਪੰਚਾਇਤ ਮਲੂਕਾ (ਬਠਿੰਡਾ)

# ਪੰਜਾਬ ਸਰਕਾਰ ਵਲੋਂ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ 20 ਕਰੋੜ ਰੁਪਏ ਦੀ ਰਾਸ਼ੀ ਜਾਰੀ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਸਿਹਤ ਵਿਭਾਗ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਦੇ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ 20 ਕਰੋੜ ਰੁਪਏ ਦੀ ਰਾਸ਼ੀ ਪ੍ਰਾਈਵੇਟ ਅਤੇ ਸਰਕਾਰੀ ਹਸਪਤਾਲਾਂ ਨੂੰ ਅੱਜ ਹੀ ਜਾਰੀ ਕੀਤੀ ਗਈ ਹੈ। ਇਸ ਯੋਜਨਾ ਅਧੀਨ ਪਿਛਲੇ 3 ਸਾਲਾਂ ਤੋਂ ਲਗਭਗ 44.04 ਲੱਖ ਲਾਭਪਾਤਰੀ ਪਰਿਵਾਰਾਂ ਨੂੰ 5 ਲੱਖ ਰੁਪਏ ਤੱਕ ਦੀਆਂ ਮੁਫ਼ਤ ਸਿਹਤ ਸੇਵਾਵਾਂ ਦਿੱਤੀਆ ਜਾ ਰਹੀਆਂ ਹਨ। ਹੁਣ ਤੱਕ 1609 ਕਰੋੜ ਰੁਪਏ ਤੋਂ ਵੱਧ ਕੀਮਤ ਦੇ ਲਗਭਗ 13.50 ਲੱਖ ਇਲਾਜ ਕੀਤੇ ਜਾ ਚੁੱਕੇ ਹਨ ਅਤੇ ਲਗਭਗ 80 ਲੱਖ ਸਿਹਤ ਬੀਮਾ ਕਾਰਡ ਜਾਰੀ ਕੀਤੇ ਜਾ ਚੁੱਕੇ ਹਨ। ਮੌਜੂਦਾ ਸਾਲ ਦੌਰਾਨ ਕੁੱਲ 200 ਕਰੋੜ ਰੁਪਏ ਦੀ ਅਦਾਇਗੀ ਸੂਚੀਬੱਧ ਪ੍ਰਾਈਵੇਟ ਅਤੇ ਸਰਕਾਰੀ ਹਸਪਤਾਲਾਂ ਨੂੰ ਕੀਤੀ ਜਾ ਚੁੱਕੀ ਹੈ। ਪੰਜਾਬ ਸਰਕਾਰ ਯੋਗ ਲਾਭਪਾਤਰੀ ਪਰਿਵਾਰਾਂ ਨੂੰ ਮੁਫ਼ਤ ਸਿਹਤ ਸੇਵਾਵਾਂ ਦੇਣ ਅਤੇ ਸਮੇਂ ਸਿਰ ਕਲੇਮਾਂ ਦੀ ਅਦਾਇਗੀ ਕਰਨ ਲਈ ਵਚਨਬੱਧ ਹੈ। ਯੋਗ ਲਾਭਪਾਤਰੀ ਆਪਣਾ ਕਾਰਡ ਬਣਵਾਉਣ ਦੇ ਲਈ ਨਜਦੀਕੀ ਸੂਚੀਬੱਧ/ਸਰਕਾਰੀ ਹਸਪਤਾਲ, ਸੀ.ਐੱਸ.ਸੀ. ਕੇਂਦਰ ਜਾਂ ਸੇਵਾ ਕੇਂਦਰ ਵਿਖੇ ਪਹੁੰਚ ਸਕਦੇ ਹਨ ਅਤੇ ਆਪਣੀ ਯੋਗਤਾ ਜਾਂਚ ਕਰਨ ਲਈ ਵਿਭਾਗ ਦੀ ਵੈਬਸਾਈਟ www.sha.punjab. gov.in ਤੇ ਪਹੁੰਚੋ।

# ਡਿਊਟੀ ਦੌਰਾਨ ਆ ਰਹੀਆਂ ਮੁਸ਼ਕਲਾਂ ਤੇ ਤਨਖਾਹ ਨਾਲ ਸਬੰਧਤ ਮਸਲਿਆਂ ਸੰਬੰਧੀ ਮੰਗ ਪੱਤਰ ਦਿੱਤਾ



**ਬਠਿੰਡਾ -ਜਸਵੀਰ ਔਲਖ-**
**-ਰੋਜ਼ਾਨਾ ਸਵੇਰਾ-**

ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ ਫਰੀਦਕੋਟ ਦੇ ਸਕਿਓਰਟੀ ਇੰਪਲਾਈਜ਼ ਯੂਨੀਅਨ ਦੇ ਪ੍ਰਧਾਨ ਸੁਖਵਿੰਦਰ ਸਿੰਘ ਗਿੱਲ ਦੀ ਅਗਵਾਈ ਵਿੱਚ , ਡਿਪਟੀ ਮੈਡੀਕਲ ਸੁਪਰਡੈਂਟ ਡਾਂ. ਅਮਰਬੀਰ ਸਿੰਘ ਬੋਪਾਰਾਏ ਜੀ ਨਾਲ ਇੱਕ ਵਿਸੇਸ਼ ਮੀਟਿੰਗ ਕੀਤੀ ??। ਜਿਸ ਵਿੱਚ ਓਨਾਂ ਡਿਊਟੀ ਦੌਰਾਨ ਆ ਰਹੀਆਂ ਮੁਸ਼ਕਲਾਂ ਤੇ ਤਨਖਾਹ ਨਾਲ ਸਬੰਧਤ ਮਸਲਿਆਂ ਤੇ ਗੱਲਬਾਤ ਕੀਤੀ ਗਈ ਅਤੇ ਮੰਗ ਪੱਤਰ ਦਿੱਤਾ ??। ਇਸ ਸਬੰਧੀ ਡਿਪਟੀ ਮੈਡੀਕਲ ਸੁਪਰਡੈਂਟ ਡਾਂ. ਅਮਰਬੀਰ ਸਿੰਘ ਬੋਪਾਰਾਏ ਜੀ ਨੇ ਭਰੋਸਾ ਦਵਾਇਆਂ ਕਿ ਬਹੁਤ ਜਲਦ ,ਤੁਹਾਡੇ ਮਸਲਿਆਂ ਨੂੰ ਹੱਲ ਕੀਤਾ ਜਾਵੇ । ਇਸ ਮੌਕੇ ਹਾਜ਼ਿਰ , ਜਰਨਲ ਸਕੱਤਰ ਸ਼ਿਵਨਾਥ ਦਰਦੀ , ਪ੍ਰੀਤਮ ਸਿੰਘ , ਯੋਗਰਾਜ ਸਿੰਘ , ਸੁਖਜਿੰਦਰ ਸਿੰਘ ਭਾਣਾ , ਵੀਰੂ ਸਿੰਘ , ਰਾਜਪ੍ਰੀਤ ਸਿੰਘ , ਮਨਿੰਦਰ ਸਿੰਘ ।

# ਪੰਜਾਬ ਸਰਕਾਰ ਵੱਲੋਂ ਸੁਨਾਮ ਸ਼ਹਿਰ ਵਿੱਚ ਸੌ ਫ਼ੀਸਦੀ ਸੀਵਰੇਜ ਯਕੀਨੀ ਬਣਾਉਣ ਲਈ 6.38 ਕਰੋੜ ਰੁਪਏ ਦੇ ਫੰਡ ਜਾਰੀ

**ਸੁਨਾਮ ਊਧਮ ਸਿੰਘ ਵਾਲਾ,**
**-ਰੋਜ਼ਾਨਾ ਸਵੇਰਾ-**



ਪੰਜਾਬ ਸਰਕਾਰ ਵੱਲੋਂ ਸੁਨਾਮ ਵਾਸੀਆਂ ਦੀ ਚਿਰਾਂ ਤੋਂ ਲਟਕ ਰਹੀ ਮੰਗ ਨੂੰ ਪੂਰਾ ਕਰਨ ਲਈ ਇੱਕ ਹੋਰ ਲੋਕ ਪੱਖੀ ਐਲਾਨ 'ਤੇ ਮੋਹਰ ਲਗਾਉਂਦਿਆਂ ਸੁਨਾਮ ਸ਼ਹਿਰ ਵਿੱਚ ਸੌ ਫ਼ੀਸਦੀ ਸੀਵਰੇਜ ਸਿਸਟਮ ਨੂੰ ਯਕੀਨੀ ਬਣਾਉਣ ਲਈ 6.38 ਕਰੋੜ ਰੁਪਏ ਦੇ ਫੰਡ ਜਾਰੀ ਕਰਨ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਅਤੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਵੱਲੋਂ ਆਪਣੇ ਐਲਾਨ ਤੋਂ ਮਹਿਜ਼ ਤਿੰਨ- ਚਾਰ ਮਹੀਨਿਆਂ ਦੇ ਅੰਦਰ ਅੰਦਰ ਹੀ ਸੁਨਾਮ ਵਾਸੀਆਂ ਦੀ ਅਹਿਮ ਮੰਗ ਨੂੰ ਸਵੀਕਾਰ ਕਰਦੇ ਹੋਏ ਰਾਸ਼ੀ ਜਾਰੀ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ ਜਿਸ ਲਈ ਉਹ ਮੁੱਖ ਮੰਤਰੀ ਸ. ਭਗਵੰਤ ਮਾਨ ਦੇ ਤਹਿ ਦਿਲੋਂ ਸ਼ੁਕਰਗੁਜ਼ਾਰ ਹਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਸਮੇਂ ਇਹ ਪੰਜਾਬ ਵਾਸੀਆਂ ਲਈ ਦੁਖਾਂਤ ਹੀ ਰਿਹਾ ਹੈ ਕਿ ਕਿਸੇ ਵੀ ਸਰਕਾਰ ਵੱਲੋਂ ਲੋਕਾਂ ਨੂੰ ਬੁਨਿਆਦੀ ਸੁਵਿਧਾਵਾਂ ਪ੍ਰਦਾਨ ਕਰਨ ਤੋਂ ਵੀ ਟਾਲ਼ਾ ਵੱਟੀ ਰੱਖਿਆ ਜਦਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਦੂਰ ਅੰਦੇਸ਼ੀ ਸੋਚ ਸਦਕਾ ਪੰਜਾਬ ਵਾਸੀਆਂ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਦੇ ਪਹਿਲੇ ਮਹੀਨੇ ਅੰਦਰ ਹੀ ਸਹੂਲਤਾਂ ਉਪਲੱਬਧ ਕਰਵਾਉਣ ਦਾ ਸਿਲਸਿਲਾ ਆਰੰਭ ਕਰ ਦਿੱਤਾ ਗਿਆ ਸੀ। ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਨਗਰ ਕੌਂਸਲ ਸੁਨਾਮ ਦੇ ਦਾਇਰੇ ਅਧੀਨ ਆਉਂਦੇ ਸੌ ਫ਼ੀਸਦੀ ਲੋਕਾਂ ਨੂੰ ਪਾਣੀ ਅਤੇ ਸੀਵਰੇਜ ਦੀ ਸੁਵਿਧਾ ਪ੍ਰਦਾਨ ਕਰਨ ਲਈ ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਮਹੀਨਿਆਂ ਵਿਚ ਉਨ੍ਹਾਂ ਵੱਲੋਂ ਲਗਾਤਾਰ ਸੀਵਰੇਜ ਬੋਰਡ ਅਤੇ ਨਗਰ ਕੌਂਸਲ ਦੇ ਅਧਿਕਾਰੀਆਂ ਨਾਲ ਵਿਕਾਸ ਕਾਰਜਾਂ ਬਾਰੇ ਮੀਟਿੰਗਾਂ ਕਰਕੇ ਤਰਜੀਹੀ ਆਧਾਰ 'ਤੇ ਕਰਵਾਏ ਜਾਣ ਵਾਲੇ ਕਾਰਜਾਂ ਦਾ ਜਾਇਜ਼ਾ ਲਿਆ ਗਿਆ ਅਤੇ ਜਿਸ ਤਹਿਤ ਸੁਨਾਮ ਸ਼ਹਿਰ ਵਿੱਚ ਬਕਾਇਆ ਰਹਿੰਦੇ 6.80 ਕਿਲੋਮੀਟਰ ਬ੍ਰਾਂਚ ਸੀਵਰ ਪਾਉਣ ਲਈ 6.38 ਕਰੋੜ ਦਾ ਅਨੁਮਾਨ ਲਗਾਇਆ ਗਿਆ ਸੀ।

ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੇ ਆਦੇਸ਼ਾਂ 'ਤੇ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਵੱਲੋਂ 6.38 ਕਰੋੜ ਰੁਪਏ ਦੀ ਗਰਾਂਟ ਜਾਰੀ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ ਅਤੇ ਜਲਦੀ ਹੀ ਕੰਮ ਸ਼ੁਰੂ ਹੋ ਜਾਵੇਗਾ।

# ਰਾਖਵੇਂਕਰਨ ਨਾਲ ਛੇੜਛਾੜ ਦਾ ਮੁੱਦਾ ਭਖਿਆ



**ਸੰਗਰੂਰ,**
**-ਰੋਜ਼ਾਨਾ ਸਵੇਰਾ-**

ਵਾਲਮੀਕਿ /ਮਜ਼ਬੀ ਸਿੱਖ ਮੁਲਾਜ਼ਮ ਮਜ਼ਦੂਰ ਏਕਤਾ ਫ਼ਰੰਟ ਪੰਜਾਬ ਦੇ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਸਰਕਾਰ ਵੱਲੋਂ ਵਾਲਮੀਕਿ/ ਮਜ਼ਬੀ ਸਿੱਖ ਜਾਤੀ ਨੂੰ ਜੋ 12.5% ਰਿਜ਼ਰਵੇਸ਼ਨ ਦਿੱਤੀ ਗਈ ਹੈ ਉਸ ਨਾਲ ਪਿਛਲੇ ਸਮੇਂ ਵਿੱਚ ਛੇੜਛਾੜ ਕੀਤੀ ਜਾਂਦੀ ਰਹੀ ਹੈ। ਜਿਸ ਅਨੁਸਾਰ ਵਾਲਮੀਕਿ ਮਜ਼ਬੀ ਸਿੱਖ ਜਾਤੀ ਨੂੰ ਮਿਲ ਰਹੇ 12.5% ਵਿੱਚੋਂ ਪੰਜਾਬ ਦੀਆਂ ਵਿਮੁਕਤ ਜਾਤੀਆਂ ਅਤੇ ਬਾਜ਼ੀਗਰ , ਗਡਰੀਆ ਜਾਤੀਆਂ ਨੂੰ 2% ਦੇ ਦਿੱਤਾ ਗਿਆ ਸੀ। ਸਾਡੀ ਜਾਤੀ ਦੇ ਲੋਕਾਂ ਵੱਲੋਂ ਸੰਘਰਸ਼ ਰਾਹੀਂ ਮੰਗ ਕਰਨ 'ਤੇ ਪੰਜਾਬ ਦੇ ਮੁੱਖ ਮੰਤਰੀ ਅਤੇ ਪ੍ਰਮੁੱਖ ਸਕੱਤਰ ਪੰਜਾਬ ਵੱਲੋਂ ਰੱਦ ਕਰ ਦਿੱਤਾ ਗਿਆ ਸੀ । ਇਸ ਤੇ ਸਾਡਾ ਸਮੁੱਚਾ ਭਾਈਚਾਰਾ ਪੰਜਾਬ ਸਰਕਾਰ ਦਾ ਰਿਣੀ ਹੈ। ਜਥੇਬੰਦੀ ਦੀ ਜਾਣਕਾਰੀ ਮੁਤਾਬਕ ਪੰਜਾਬ ਸਰਕਾਰ ਦੇ ਉਕਤ ਫੈਸਲੇ ਵਿਰੁੱਧ ਪੰਜਾਬ ਦੀਆਂ ਉਕਤ ਜਾਤੀਆਂ ਅਤੇ ਬਾਜ਼ੀਗਰ, ਗਡਰੀਆ ਭਾਈਚਾਰੇ ਵੱਲੋਂ ਬੇਲੋੜੇ ਵਾਵੇਲਾ ਖੜਾ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ।

ਵਾਲਮੀਕਿ ਮਜ਼ਬੀ ਸਿੱਖ ਮੁਲਾਜ਼ਮ ਮਜ਼ਦੂਰ ਫਰੰਟ ਇਹਨਾਂ ਜਾਤੀਆਂ ਦੇ ਵਿਵਾਦ ਨੂੰ ਅਣ ਉਚਿਤ ਸਮਝਦਾ ਹੈ, ਉਨ੍ਹਾਂ ਦੀ ਅਜਿਹੀ ਕਾਰਵਾਈ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਨੌਕਰੀਆਂ ਵਿਚ ਰਾਖਵਾਂਕਰਨ ਐਕਟ-2006 ਦੀ ਉਲੰਘਣਾ ਹੈ ਇਸ ਸੰਦਰਭ ਵਿੱਚ ਅੱਜ ਐੱਮ ਐੱਲ ਏ ਸੰਗਰੂਰ ਦੇ ਪੀ ਏ ਨੂੰ ਜਥੇਬੰਦੀ ਦੇ ਕਾਰਕੂਨਾਂ ਵੱਲੋਂ ਮੰਗ ਪੱਤਰ ਸੌਂਪਿਆ ਗਿਆ ਜਿਸ ਤੇ ਉਨ੍ਹਾਂ ਵੱਲੋਂ ਭਰੋਸਾ ਦਿਵਾਇਆ ਗਿਆ ਕਿ ਇਹ ਮੰਗ ਪੱਤਰ ਜਲਦ ਹੀ ਪੰਜਾਬ ਸਰਕਾਰ ਕੋਲ ਪੁਜਦਾ ਕਰ ਦਿੱਤਾ ਜਾਵੇਗਾ ਇਸ ਲਈ ਇਹ ਜਥੇਬੰਦੀ ਮੰਗ ਕਰਦੀ ਹੈ ਕਿ ਕਿਰਪਾ ਕਰਕੇ ਭਵਿੱਖ ਵਿੱਚ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ 12.5 % ਰਾਖਵਾਂਕਰਨ ਨਾਲ ਕੋਈ ਛੇੜਛਾੜ ਨਾ ਹੋਵੇ । ਇਸ ਤੋਂ ਉਪਰੰਤ ਇਹ ਜਥੇਬੰਦੀ ਇਹ ਵੀ ਮੰਗ ਕਰਦੀ ਹੈ ਕਿ ਪੰਜਾਬ ਸਰਕਾਰ ਦੇ ਕਿਸੇ ਵਿਭਾਗ ਵਿੱਚ ਭਰਤੀ ਸਮੇਂ 12.5% ਨੌਕਰੀ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ। ਸਿੱਖਿਆ ਵਿਭਾਗ ਦੀ 4161 ਦੀ ਮਾਸਟਰ ਕਾਡਰ ਵਿੱਚ ਭਾਰਤੀ ਦੀ ਤਰ੍ਹਾਂ ਹੋਰ ਭਰਤੀਆਂ ਸਮੇਂ ਜਿਹੜੇ ਉਮੀਦਵਾਰ ਵਾਲਮੀਕਿ ਮਜ਼ਬੀ ਸਿੱਖ ਜਾਤੀ ਦੇ ਸਰਟੀਫਿਕੇਟ 'ਤੇ ਨੌਕਰੀ ਲੈਣ ਦਾ ਯਤਨ ਕਰ ਰਹੇ ਹਨ ਅਤੇ ਅਨੁਸੂਚਿਤ ਜਾਤੀਆਂ ਦੇ ਜਾਅਲੀ ਸਰਟੀਫਿਕੇਟ ਬਣਾ ਕੇ ਨੌਕਰੀ ਲੈਣ ਦਾ ਯਤਨ ਕਰ ਰਹੇ ਹਨ ਉਨ੍ਹਾਂ ਦੀ ਸਖਤੀ ਨਾਲ ਪੜਤਾਲ ਕਰ ਕੇ ਉਮੀਦਵਾਰੀ ਰੱਦ ਕੀਤੀ ਜਾਵੇ ਅਤੇ ਜਿਨ੍ਹਾਂ ਲੋਕਾਂ ਦੇ ਸਰਟੀਫਿਕੇਟ ਜਾਅਲੀ ਪਾਏ ਗਏ ਹਨ ਉਹਨਾਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਜੋ ਉਨ੍ਹਾਂ ਨੂੰ ਧੋਖਾਧੜੀ ਤੇ ਜਾਅਲਸਾਜ਼ੀ ਦੀ ਸਜ਼ਾ ਮਿਲ ਸਕੇ। ਪੰਜਾਬ ਸਰਕਾਰ ਦੇ ਹਰੇਕ ਵਿਭਾਗ ਵਿੱਚ ਭਰਤੀ ਸਮੇਂ ਪਾਰਦਰਸ਼ਤਾ ਨੂੰ ਕਾਇਮ ਰੱਖਦੇ ਹੋਏ ਅਨੁਸੂਚਿਤ ਜਾਤੀ ਦੇ ਸਰਟੀਫਿਕੇਟ ਪੇਸ਼ ਕਰਨ ਵਾਲੇ ਉਮੀਦਵਾਰਾਂ ਦੇ ਪੱਕੇ/ ਕੱਚੇ ਰਿਹਾਇਸ਼ ਅਤੇ ਜਨਤਕ ਕੀਤੇ ਜਾਣ ਤਾਂ ਜੋ ਭਵਿੱਖ ਵਿੱਚ ਧੋਖਾਧੜੀ ਹੋਣ ਤੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਹੋ ਸਕੇ।

ਸਾਡੇ ਸਮਾਜ ਦੇ ਬੱਚਿਆਂ ਨੂੰ ਵਿਦਿਅਕ ਅਦਾਰਿਆਂ ਅਤੇ ਕਿੱਤਾਕਾਰੀ ਕੋਰਸਾਂ ਵਿੱਚ ਦਾਖਲੇ ਸਮੇਂ 12.5% ਰਾਖਵੇਂਕਰਨ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ ਅਤੇ ਕਰਮਚਾਰੀਆਂ ਨੂੰ ਪਦਉਨਤੀਆਂ ਸਮੇਂ 12.5% ਰਾਖਵੇਂਕਰਨ ਦਾ ਲਾਭ ਦਿੱਤਾ ਜਾਵੇ। ਸਾਰੀਆਂ ਅਨੁਸੂਚਿਤ ਜਾਤੀਆਂ ਵਿਚੋਂ ਸਾਡੇ ਸਮਾਜ ਦੇ ਲੋਕ ਵਿਦਿਅਕ ਸਮਾਜਿਕ ਅਤੇ ਆਰਥਿਕ ਤੌਰ ਤੇ ਸਭ ਤੋਂ ਵੱਧ ਵੱਧ ਪੱਛੜੇ ਹੋਏ ਹਨ ਇਸ ਤੇ ਸਾਡੇ ਸਮਾਜ ਦੀ ਪੰਜਾਬ ਅੰਦਰ ਗਿਣਤੀ ਨੂੰ ਮੱਦੇਨਜ਼ਰ ਰੱਖਦੇ ਹੋਏ ਸਰਕਾਰ ਨੂੰ ਸਾਡੀ ਹਰ ਸੰਭਵ ਸਹਾਇਤਾ ਕਰਨੀ ਬਣਦੀ ਹੈ ਅਤੇ ਸਾਡੇ ਸਮਾਜ ਦੇ ਲੀਡਰਾਂ ਤੇ ਜੋ ਗਲਤ ਪਰਚੇ ਦਰਜ ਹੋਏ ਹਨ ਉਨ੍ਹਾਂ ਨੂੰ ਵੀ ਰੱਦ ਕਰਵਾਇਆ ਜਾਵੇ। ਵਰਣਨਯੋਗ ਹੈ ਕਿ ਇਸ ਤੋਂ ਪਹਿਲਾਂ ਪੰਜਾਬ ਦੇ 19 ਜ਼ਿਲ੍ਹਿਆ ਵਿੱਚ ਇੱਕੋ ਦਿਨ ਡਿਪਟੀ ਕਮਿਸ਼ਨਰਾਂ ਨੂੰ ਇਸ ਸੰਬੰਧੀ ਮੈਮੋਰੰਡਮ ਦਿੱਤੇ ਜਾ ਚੁੱਕੇ ਹਨ ।

# ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਵਾਲੀ ਖੇਤੀ ਅਪਣਾਉਣ ਕਿਸਾਨ

**ਸੰਗਰੂਰ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਕਿਸਾਨ ਹੁਣ ਜਾਗਰੂਕ ਹੋ ਕੇ ਨਾ ਕੇਵਲ ਬਦਲਵੀਂ ਖੇਤੀ ਨੂੰ ਅਪਣਾ ਰਹੇ ਹਨ ਸਗੋਂ ਸਾਥੀ ਕਿਸਾਨਾਂ ਨੂੰ ਵੀ ਬਿਨਾਂ ਸਾੜਨ ਵਾਲੀ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਵਾਲੀ ਖੇਤੀ ਲਈ ਪ੍ਰੇਰਿਤ ਕਰ ਰਹੇ ਹਨ। ਪੰਜਾਬ ਦੇ 12 ਜ਼ਿਲ੍ਹਿਆਂ ਵਿੱਚ ਵਾਤਾਵਰਣ ਸੰਭਾਲ ਲਈ ਕੰਮ ਕਰ ਰਹੀ ਦਾ ਨੇਚਰ ਕੰਜ਼ਰਵੈਂਸੀ ਦੇ ਪ੍ਰਾਜੈਕਟ ਪ੍ਰਾਨਾ ਨਾਲ ਜੁੜ ਕੇ ਪਹਿਲੀ ਵਾਰ ਸੰਗਰੂਰ ਵਿੱਚ ਸੰਗਰੂਰ ਤੋਂ ਇਲਾਵਾ ਬਠਿੰਡਾ, ਮਾਨਸਾ, ਮੁਕਤਸਰ ਸਾਹਿਬ ਤੇ ਫਰੀਦਕੋਟ ਜ਼ਿਲ੍ਹੇ ਦੇ ਅਗਾਂਹਵਧੂ ਕਿਸਾਨ ਮੀਡੀਆ ਨਾਲ ਰੂ ਬ ਰੂ ਹੋਏ ਤੇ ਪੁਨਰਉਤਪਤੀ ਵਾਲੀਆਂ ਫਸਲਾਂ ਦੀ ਪੈਦਾਵਾਰ ਤੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਦੇ ਤਰੀਕੇ ਅਪਨਾਉਣ 'ਤੇ ਜੋਰ ਦਿੱਤਾ।

*ਵਰਲਡ ਸਾਇਲ ਡੇ* ਦੇ ਮੌਕੇ ਅੱਜ ਇਥੇ ਆਯੋਜਿਤ ਪ੍ਰੈਸ ਕਾਨਫਰੰਸ ਦੌਰਾਨ ਸੰਗਰੂਰ ਜਿਲ੍ਹੇ ਦੇ ਪਿੰਡ ਸੰਗਤਪੁਰਾ ਦੇ ਕਿਸਾਨ ਜਗਸੀਰ ਸਿੰਘ ਨੇ ਦੱਸਿਆ ਕਿ ਉਹ ਫਸਲੀ ਚੱਕਰ ਤੋਂ ਬਾਹਰ ਨਿਕਲ ਕੇ ਬਦਲਵੀਂ ਖੇਤੀ ਨੂੰ ਅਪਨਾ ਰਹੇ ਹਨ।

ਪੰਜਾਬ ਵਿੱਚ ਮਿੱਟੀ ਦੀ ਉਪਜਾਊ ਸ਼ਕਤੀ ਜਿਥੇ ਹੌਲੀ ਹੌਲੀ ਘੱਟ ਹੋ ਰਹੀ ਹੈ, ਉਥੇ ਹੀ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਨੀਵਾਂ ਹੋ ਰਿਹਾ ਹੈ। ਬਲਦਵੀ ਖੇਤੀ ਨਾਲ ਨਾ ਕੇਵਲ ਆਮਦਨ ਵੱਧਦੀ ਹੈ ਬਲਕਿ ਮਿੱਟੀ ਦੀ ਉਪਜਾਊ ਸ਼ਕਤੀ ਵੀ ਬਰਕਰਾਰ ਰਹਿੰਦੀ ਹੈ। ਪਿੰਡ ਸਤੌਜ ਦੇ ਕਿਸਾਨ ਸਤਗੁਰ ਸਿੰਘ ਅਨੁਸਾਰ ਉਨ੍ਹਾਂ ਨੇ ਕਈ ਸਾਲਾਂ ਤੋਂ ਪਰਾਲੀ ਨਹੀਂ ਸਾੜੀ ਤੇ ਪਰਾਲੀ ਦਾ ਇਸਤੇਮਾਲ ਖੇਤ ਵਿਚ ਹੀ ਕਰ ਰਹੇ ਹਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਹੁਣ ਆਉਣ ਵਾਲਾ ਸਮਾਂ ਘੱਟ ਪਾਣੀ ਵਾਲੀਆਂ ਫਸਲਾਂ ਦੀ ਪੈਦਾਵਾਰ ਕਰਦੇ ਹੋਏ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਦਾ ਹੈ।

ਮਾਨਸਾ ਜ਼ਿਲ੍ਹਾ ਦੇ ਪਿੰਡ ਬੁਰਜ ਢਿੱਲਵਾਂ ਦੇ ਕਿਸਾਨ ਮਹਿੰਦਰ ਸਿੰਘ ਅਨੁਸਾਰ ਉਨ੍ਹਾਂ ਦੀ ਜ਼ਿਆਦਾਤਰ ਜਮੀਨ 'ਤੇ ਕਣਕ ਤੇ ਝੋਨੇ ਦੀ ਖੇਤੀ ਹੁੰਦੀ ਹੈ ਪਰ ਉਹ ਵੀ ਪਰਾਲੀ ਸਾੜਨ ਨੂੰ ਪੂਰੀ ਤਰ੍ਹਾਂ ਤਿਆਗ ਚੁੱਕੇ ਹਨ। ਮੁਕਤਸਰ ਸਾਹਿਬ ਜਿਲੇ ਦੇ ਪਿੰਡ ਭੂਟੀ ਵਾਲਾ ਦੇ ਅਗਾਂਹਵਧੂ ਕਿਸਾਨ ਰੇਸ਼ਮ ਸਿੰਘ ਅਨੁਸਾਰ ਪੰਜਾਬ ਵਿੱਚ ਮਿੱਟੀ ਦੀ ਉਪਜਾਊ ਸ਼ਕਤੀ ਲਗਾਤਾਰ ਘੱਟ ਹੁੰਦੀ ਜਾ ਰਹੀ ਹੈ। ਅਜਿਹੇ ਵਿੱਚ ਸਾਨੂੰ ਸਾਰਿਆਂ ਨੂੰ ਮਿਲ ਕੇ ਅਭਿਆਨ ਚਲਾਉਣ ਦੀ ਲੋੜ ਹੈ। ਪਿਛਲੇ ਚਾਰ ਸਾਲ ਤੋਂ ਪਰਾਲੀ ਨਾ ਸਾੜਨ ਵਾਲੇ ਬਠਿੰਡਾ ਜਿਲੇ ਦੇ ਪਿੰਡ ਭਗਵਾਨਗੜ ਦੇ ਕਿਸਾਨ ਗੁਰਦੀਪ ਸਿੰਘ ਨੇ ਆਪਣੇ ਤਜਰਬੇ ਸਾਝੇ ਕਰਦਿਆਂ ਕਿਹਾ ਕਿ ਹੁਣ ਧਰਤੀ ਹੇਠਲਾ ਪਾਣੀ ਲਗਾਤਾਰ ਘੱਟ ਰਿਹਾ ਹੈ। ਅਜਿਹੇ ਵਿੱਚ ਉਨ੍ਹਾਂ ਨੇ ਆਲੂ, ਛੋਲੇ, ਸਰੋਂ ਆਦਿ ਦੀ ਖੇਤੀ 'ਤੇ ਜੋਰ ਦੇਣਾ ਸ਼ੁਰੂ ਕਰ ਦਿੱਤਾ ਹੈ।

ਪੰਜਾਬ ਵਿੱਚ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਉਣ 'ਤੇ ਜੋਰ ਦਿੰਦੇ ਹੋਏ ਬਠਿੰਡਾ ਦੇ ਕਿਸਾਨ ਬਲਕਾਰ ਸਿੰਘ ਨੇ ਦੱਸਿਆ ਕਿ ਉਹ ਪਿਛਲੇ ਦੋ ਸਾਲ ਤੋਂ ਪਰਾਲੀ ਨਹੀ ਸਾੜ ਰਹੇ। ਉਨਾ ਕਿਹਾ ਕਿ ਆਪਣੇ ਬੱਚਿਆਂ ਦੇ ਭਵਿੱਖ ਨੂੰ ਦੇਖਦੇ ਹੋਏ ਮਿੱਟੀ ਤੇ ਪਾਣੀ ਨੂੰ ਬਚਾਉਣ ਲਈ ਹੁਣ ਤੋਂ ਅਭਿਆਨ ਚਲਾਏ ਜਾਣ ਦੀ ਜਰੂਰਤ ਹੈ।

ਇਥੇ ਪਹੁੰਚੇ ਕਿਸਾਨਾਂ ਨੇ ਆਸਪਾਸ ਦੇ ਜਿਲਿਆਂ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਸਾੜਨ ਵਾਲੀ ਖੇਤੀ ਨੂੰ ਅਪਣਾਉਦੇ ਹੋਏ ਘੱਟ ਪਾਣੀ ਦੀ ਖਪਤ ਵਾਲੀਆਂ ਫਸਲਾਂ ਨੂੰ ਪੈਦਾ ਕਰਨ। ਜਿਸ ਨਾਲ ਉਨਾਂ ਬੱਚਿਆਂ ਦਾ ਭਵਿੱਖ ਸੁਰੱਖਿਅਤ ਹੋਵੇਗਾ।

ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਪਹੁੰਚੇ ਜਿਲ੍ਹਾ ਸੰਗਰੂਰ ਦੇ ਮੁੱਖ ਖੇਤੀਬਾੜੀ ਅਫਸਰ ਹਰਬੰਸ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਵਰਲਡ ਸੋਇਲ ਡੇ ਮੌਕੇ ਇਹ ਸਹੁੰ ਖਾਣ ਕਿ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਲਈ ਫਸਲੀ ਚੱਕਰ ਚੋ ਬਾਹਰ ਆ ਕੇ ਆਧੁਨਿਕ ਖੇਤੀ ਨੂੰ ਵੀ ਅਪਨਾਉਣਗੇ। ਮੁੱਖ ਖੇਤੀਬਾੜੀ ਅਫਸਰ ਨੇ ਕਿਹਾ ਕਿ ਜੇਕਰ ਅੱਜ ਮਿੱਟੀ ਨੂੰ ਬਚਾਉਣ ਲਈ ਅਭਿਆਨ ਸ਼ੁਰੂ ਨਹੀ ਕੀਤਾ ਗਿਆ ਤਾ ਸਾਡੀ ਆਉਣ ਵਾਲੀਆ ਪੀੜੀਆਂ ਨੂੰ ਇਸਦਾ ਖਮਿਆਜਾ ਭੁਗਤਣਾ ਪਵੇਗਾ।ਦੀ ਨੇਚਰ ਕੰਜਰਵੈਂਸੀ ਇੰਡੀਆ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ ਪ੍ਰਾਨਾ ਦੇ ਡਾਇਰੈਕਟਰ ਡਾ. ਗੁਰੂ ਕੋਪਾ ਨੇ ਕਿਹਾ ਕਿ ਟਿਕਾਊ, ਲਾਭਕਾਰੀ ਖੇਤੀ ਦੀ ਸਾਨੂੰ ਆਦਤ ਪਾਉਣੀ ਹੋਵੇਗੀ।

# ਰਾਸ਼ਟਰੀ ਖੇਡ ਮੁਕਾਬਲਿਆਂ ਦੇ ਕੈਲੰਡਰ ਅਨੁਸਾਰ ਖੋ-ਖੋ ਚੈਂਪੀਅਨਸ਼ਿਪ ਪੰਜਾਬ ਦੀ ਝੋਲੀ 'ਚ

**ਲਹਿਰਾਗਾਗਾ,**
**-ਰੋਜ਼ਾਨਾ ਸਵੇਰਾ-**



ਸੀ.ਬੀ.ਐੱਸ.ਈ. ਨਵੀਂ ਦਿੱਲੀ ਨੇ ਆਪਣਾ ਰਾਸ਼ਟਰੀ ਖੇਡ ਮੁਕਾਬਲਿਆਂ ਦਾ ਕੈਲੰਡਰ ਜ਼ਾਰੀ ਕਰ ਦਿੱਤਾ ਹੈ । ਸੀ.ਬੀ.ਐੱਸ.ਈ. ਦੇ ਖੇਡ ਵਿਭਾਗ ਦੇ ਇੰਚਾਰਜ਼ ਡਾ. ਮਨਜੀਤ ਸਿੰਘ ਵੱਲੋਂ ਜ਼ਾਰੀ ਕੀਤੀ ਸੂਚੀ ਅਨੁਸਾਰ ਖੋ-ਖੋ ਦੇ ਰਾਸ਼ਟਰੀ ਮੁਕਾਬਲੇ ਪੰਜਾਬ ਨੂੰ ਅਲਾਟ ਕੀਤੇ ਗਏ ਹਨ । ਇਹ ਖੇਡ ਮੁਕਾਬਲੇ ਜ਼ਿਲਾ ਸੰਗਰੂਰ ਦੇ ਡਾ. ਦੇਵ ਰਾਜ ਡੀ.ਏ.ਵੀ. ਸੀਨੀਅਰ ਸੈਕੰਡਰੀ ਪਬਲਿਕ ਸਕੂਲ ਖਾਈ (ਲਹਿਰਾਗਾਗਾ) ਵਿਖੇ ਹੋਣਗੇ । ਇਸੇ ਤਰ੍ਹਾਂ ਕਬੱਡੀ ਮੁਕਾਬਲੇ ਦਿੱਲੀ ਪਬਲਿਕ ਸਕੂਲ ਬਹਾਦਰਗੜ੍ਹ (ਹਰਿਆਣਾ) ਵਿਖੇ, ਬੈਡਮਿੰਟਨ ਮੁਕਾਬਲੇ ਝੂਨਝੂਨੁ ਅਕੈਡਮੀ ਝੂਨਝੂਨੁ (ਰਾਜਸਥਾਨ) ਵਿਖੇ, ਚੈੱਸ ਮੁਕਾਬਲੇ ਬਰੂਕਫਿਲਡ ਇੰਟਰਨੈਸ਼ਨਲ ਸਕੂਲ ਸ਼ੇਖਪੁਰਾ (ਪੰਜਾਬ) ਵਿਖੇ, ਵਾਲੀਬਾਲ ਮੁਕਾਬਲੇ ਡਾ. ਸਵਿਤਾ ਮੈਮੋਰੀਅਲ ਗਲੋਬਲ ਅਕੈਡਮੀ ਨਗਰਪੁਰ (ਉੱਤਰ ਪ੍ਰਦੇਸ਼) ਵਿਖੇ, ਬਾਕਸਿੰਗ ਮੁਕਾਬਲੇ ਰਿਸ਼ੀਕੁਲ ਵਿਦਿਆਪੀਠ ਸੋਨੀਪਤ (ਹਰਿਆਣਾ) ਵਿਖੇ, ਫੁੱਟਬਾਲ (ਮੁੰਡੇ) ਮੁਕਾਬਲੇ ਪਰੈਸੀਡੈਂਸੀ ਦਿ ਇੰਟਰਨੈਸ਼ਨਲ ਸਕੂਲ ਭਿਵਾਡੀ (ਰਾਜਸਥਾਨ) ਵਿਖੇ, ਫੁੱਟਬਾਲ (ਕੁੜੀਆਂ) ਮੁਕਾਬਲੇ ਐੱਲ.ਐੱਨ.ਸੀ.ਟੀ. ਵਰਲਡ ਸਕੂਲ ਭੋਪਾਲ (ਮੱਧ ਪ੍ਰਦੇਸ਼) ਵਿਖੇ, ਹੈਂਡਬਾਲ ਮੁਕਾਬਲੇ ਡਾ.ਕੇ.ਐੱਨ.ਮੋਦੀ ਗਲੋਬਲ ਸਕੂਲ ਮੋਦੀਨਗਰ (ਉੱਤਰ ਪ੍ਰਦੇਸ਼) ਵਿਖੇ, ਟੇਬਲ ਟੈਨਿਸ ਮੁਕਾਬਲੇ ਸ਼੍ਰੀ ਪ੍ਰਕਾਸ਼ ਸੈਨਰਜ਼ੀ ਸਕੂਲ ਪੇਡਾਪੁਰਮ (ਅੰਧਰਾ ਪ੍ਰਦੇਸ਼) ਵਿਖੇ, ਜੂਡੋ ਮੁਕਾਬਲੇ ਇੰਡੀਅਨ ਮਾਡਰਨ ਸੀਨੀ. ਸੈਕੰ. ਸਕੂਲ ਸੋਨੀਪਤ (ਹਰਿਆਣਾ) ਵਿਖੇ, ਰਾਇਫ਼ਲ ਸ਼ੂਟਿੰਗ ਮੁਕਾਬਲੇ ਸਫ਼ਾਇਰ ਇੰਟਰਨੈਸ਼ਨਲ ਸਕੂਲ ਰਾਂਚੀ (ਝਾਰਖੰਡ) ਵਿਖੇ, ਬਾਸਕਟਬਾਲ ਮੁਕਾਬਲੇ ਦਿੱਲੀ ਪਬਲਿਕ ਸਕੂਲ ਰਾਜਨੰਦਗਾਓ (ਛੱਤੀਸਗੜ੍ਹ) ਵਿਖੇ, ਸਕੇਟਿੰਗ ਮੁਕਾਬਲੇ ਸ਼ਾਲੋਮ ਹਿਲਜ਼ ਇੰਟਰਨੈਸ਼ਨਲ ਸਕੂਲ ਗੁਰੂਗਰਾਮ (ਹਰਿਆਣਾ) ਵਿਖੇ, ਤਾਈਕਵਾਂਡੋ ਮੁਕਾਬਲੇ ਐੱਸ.ਜੀ. ਪਬਲਿਕ ਸਕੂਲ ਗਾਜ਼ੀਆਬਾਦ (ਉੱਤਰ ਪ੍ਰਦੇਸ਼) ਵਿਖੇ, ਟੈਨਿਸ ਮੁਕਾਬਲੇ ਐੱਮ.ਐੱਮ ਪਬਲਿਕ ਸਕੂਲ ਪਿਤਮਪੁਰ (ਦਿੱਲੀ) ਵਿਖੇ, ਐਰੋਬਿਕਸ ਮੁਕਾਬਲੇ ਸੰਜੀਵਨੀ ਇੰਟਰਨੈਸ਼ਨਲ ਸਕੂਲ ਤਲਰਾਟਾ (ਮਹਾਰਾਸ਼ਟਰਾ) ਵਿਖੇ, ਆਰਚਰੀ ਮੁਕਾਬਲੇ ਵਿੱਦਿਆ ਨਿਕੇਤਨ ਸਕੂਲ ਐਂਡ ਜੂਨੀਅਰ ਕਾਲਜ਼ ਪੰਚਗਨੀ (ਮਹਾਰਾਸ਼ਟਰਾ) ਵਿਖੇ, ਜਿਮਨਾਸਟਿਕ ਮੁਕਾਬਲੇ ਦਿ ਗਾਡੀਅਮ ਸਕੂਲ ਵੇਲੀਮੇਲਾ (ਤੇਲੰਗਨਾ) ਵਿਖੇ, ਰੋਪ ਸਕਿਪਿੰਗ ਮੁਕਾਬਲੇ ਪਠਾਨੀਆ ਪਬਲਿਕ ਸਕੂਲ ਰੋਹਤਕ (ਹਰਿਆਣਾ) ਵਿਖੇ ਅਤੇ ਯੋਗਾ ਮੁਕਾਬਲੇ ਮਾਊਂਟ ਅਬੂ ਪਬਲਿਕ ਸਕੂਲ ਰੋਹਿਨੀ (ਦਿੱਲੀ) ਵਿਖੇ ਹੋਣਗੇ ।

ਉਨ੍ਹਾਂ ਵੱਲੋਂ ਜ਼ਾਰੀ ਕੀਤੀਆਂ ਹਦਾਇਤਾਂ ਅਨੁਸਾਰ ਇਹ ਮੁਕਾਬਲੇ ਦਸੰਬਰ ਦੇ ਆਖੀਰ ਤੱਕ ਨੇਪਰੇ ਚੜ੍ਹਾਉਣੇ ਹੋਣਗੇ ।

# ਭਗਵੰਤ ਮਾਨ ਦਾ ਗੈਂਗਸਟਰ ਗੋਲਡੀ ਬਰਾੜ ਦੀ ਅਮਰੀਕਾ ਵਿੱਚ ਗਿਰਫ਼ਤਾਰੀ ਸੰਬੰਧੀ ਦਿੱਤਾ ਗਿਆ ਬਿਆਨ ਉਨਾਂ ਦੀ ਭਰੋਸੇਯੋਗਤਾ ਤੇ ਸਵਾਲ ਖੜੇ ਕਰ ਰਿਹਾ-ਗਰਚਾ

**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਸ਼੍ਰੋਮਣੀ ਅਕਾਲੀ ਦਲ ਦੇ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੇ ਮੈਂਬਰ ਸੁਖਵਿੰਦਰਪਾਲ ਸਿੰਘ ਗਰਚਾ ਨੇ ਬੀਤੇ ਦਿਨ ਗੁਜਰਾਤ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਹ ਦਾਅਵਾ ਕੀਤਾ ਗਿਆ ਸੀ ਕਿ ਉਨਾਂ ਨੂੰ ਅਮਰੀਕਾ ਵਿੱਚ ਗੈਂਗਸਟਰ ਗੋਲਡੀ ਬਰਾੜ ਦੇ ਗਿਰਫ਼ਤਾਰ ਹੋਣ ਦੀ ਸੂਚਨਾ ਮਿਲੀ ਹੈ ਅਤੇ ਮੈਂ ਸਟੇਟ ਹੈਡ ਹੋਣ ਨਾਤੇ ਇਸਦੀ ਪੁਸ਼ਟੀ ਕਰਦਾ ਹਾਂ ਲੇਕਿਨ ਤਿੰਨ ਦਿਨ ਬੀਤ ਜਾਣ ਮੰਗਰੋ ਵੀ ਗਿਰਫ਼ਤਾਰੀ ਨੂੰ ਲੈਕੇ ਕੋਈ ਜਾਣਕਾਰੀ ਭਾਰਤ ਦੀਆਂ ਏਜੰਸੀਆਂ ਅਤੇ ਅਮਰੀਕਾ ਦੀਆਂ ਏਜੰਸੀਆਂ ਵੱਲੋਂ ਨਹੀਂ ਦਿੱਤੀ ਗਈ। ਸ਼ੋਸ਼ਲ ਮੀਡੀਆ ਤੇ ਗੋਲਡੀ ਬਰਾੜ ਵੱਲੋਂ ਆਪਣੇ ਗਿਰਫ਼ਤਾਰ ਨਾ ਹੋਣ ਦੇ ਸੰਬੰਧ ਵਿਚ ਇਕ ਪੋਸਟ ਪਾਈ ਗਈ ਅਤੇ ਇਕ ਨਾਮੀ ਪੱਤਰਕਾਰ ਨਾਲ ਫੋਨ ਤੇ ਗੱਲ ਕਰਕੇ ਗਿਰਫ਼ਤਾਰ ਹੋਣ ਦੀਆਂ ਖਬਰਾਂ ਨੂੰ ਸਿਰੇ ਤੋਂ ਨਕਾਰਿਆ ਹੈ ਅਜਿਹੇ ਵਿਚ ਸਵਾਲ ਖੜਾ ਹੁੰਦਾ ਹੈ ਕਿ ਮੁਖ ਮੰਤਰੀ ਮਾਨ ਵੱਲੋਂ ਕੀਤਾ ਗਿਆ ਦਾਅਵਾ ਲੋਕਾਂ ਨੂੰ ਗੁੰਮਰਾਹ ਕਰਨ ਲਈ ਮਾਰਿਆ ਗਿਆ ਝੂਠ ਹੀ ਸੀ। ਮੁੱਖ ਮੰਤਰੀ ਦੇ ਵੱਲੋਂ ਦਿੱਤਾ ਗਿਆ ਬਿਆਨ ਬਹੁਤ ਸਾਰੇ ਭਰਮ ਪੈਦਾ ਕਰ ਰਿਹਾ ਉਹਨਾਂ ਨੂੰ ਮੁੱਖ ਮੰਤਰੀ ਦੇ ਔਹੁਦੇ ਦੀ ਪ੍ਰਤਿਸ਼ਠਤਾ ਕਾਇਮ ਰੱਖਣੀ ਚਾਹੀਦੀ ਹੈ। ਭਗਵੰਤ ਮਾਨ ਸਾਹਿਬ ਨੂੰ ਗੋਲਡੀ ਬਰਾੜ ਦੀ ਗਿਰਫ਼ਤਾਰੀ ਦੇ ਸਬੰਧ ਵਿੱਚ ਆਪਣੇ ਦਿੱਤੇ ਗਏ ਬਿਆਨ ਬਾਰੇ ਪੰਜਾਬ ਦੇ ਅਵਾਮ ਸਾਹਮਣੇ ਸਥਿਤੀ ਸਪਸ਼ਟ ਕਰਨੀ ਚਾਹੀਦੀ ਹੈ।

# ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾ. ਦਰਸ਼ਨ ਸਿੰਘ 'ਆਸ਼ਟ' ਨੂੰ ਪੁਸਤਕ 'ਕੁਇਜ਼ ਮੁਕਾਬਲਾ' ਭੇਟ



**ਬਠਿੰਡਾ -ਜਸਵੀਰ ਔਲਖ-**
**-ਰੋਜ਼ਾਨਾ ਸਵੇਰਾ-**

ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕਾਰਜਸ਼ੀਲ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਅਤੇ ਸਾਹਿਤ ਅਕਾਦਮੀ ਬਾਲ ਸਾਹਿਤ ਪੁਰਸਕਾਰ ਵਿਜੇਤਾ ਡਾ. ਦਰਸ਼ਨ ਸਿੰਘ ਆਸ਼ਟ ਨੂੰ ਉਹਨਾਂ ਵੱਲੋਂ ਸੰਪਾਦਿਤ ਨਵੀਂ ਛਪੀ ਪੁਸਤਕ 'ਕੁਇਜ਼ ਮੁਕਾਬਲਾ' ਦੀ ਕਾਪੀ ਵਿਭਾਗ ਦੇ ਸੰਯੁਕਤ ਡਾਇਰੈਕਟਰ ਡਾ. ਵੀਰਪਾਲ ਕੌਰ ਵੱਲੋਂ ਭਾਸ਼ਾ ਭਵਨ ਪਟਿਆਲਾ ਵਿਖੇ ਭੇਂਟ ਕੀਤੀ ਗਈ। ਇਸ ਮੌਕੇ ਡਾ. ਆਸ਼ਟ ਨੇ ਦੱਸਿਆ ਕਿ ਭਾਸ਼ਾ ਵਿਭਾਗ ਨੇ ਉਹਨਾਂ ਕੋਲੋਂ ਇਹ ਪੁਸਤਕ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਲਈ ਹਰ ਸਾਲ ਹੋਣ ਵਾਲੇ ਕੁਇਜ਼ ਮੁਕਾਬਲਿਆਂ ਲਈ ਵਿਸ਼ੇਸ਼ ਤੌਰ ਤੇ ਲਿਖਵਾਈ ਹੈ।

ਤਿੰਨ ਵਰਗਾਂ ਭਾਵ ਵਰਗ ਅੱਠਵੀਂ ਵਰਗ ਬਾਰਵੀਂ ਤੇ ਵਰਗ ਬੀ.ਏ.ਆਦਿ ਤੱਕ ਦੇ ਵਿਦਿਆਰਥੀਆਂ ਲਈ ਵੱਖ ਵੱਖ ਮੁਕਾਬਲਿਆਂ ਵਿਚ ਭਾਗ ਲੈਣ ਵਾਲੇ ਜੇਤੂ ਵਿਦਿਆਰਥੀਆਂ ਨੂੰ ਨਗਦ ਪੁਰਸਕਾਰ ਪ੍ਰਦਣ ਕੀਤੇ ਜਾਂਦੇ ਹਨ। ਇਸ ਮੌਕੇ ਭਾਸ਼ਾ ਵਿਭਾਗ ਦੇ ਸਾਬਕਾ ਡਾਇਰੈਕਟਰ ਡਾ. ਮਦਨ ਲਾਲ ਹਸੀਜਾ, ਡਿਪਟੀ ਡਾਇਰੈਕਟਰ ਹਰਪ੍ਰੀਤ ਕੌਰ, ਸਹਾਇਕ ਡਾਇਰੈਕਟਰ ਪ੍ਰਵੀਨ ਕੁਮਾਰ,ਡਾ. ਦੀਪਕ ਮਨਮੋਹਨ ਸਿੰਘ ਅਤੇ ਭਗਤ ਰਾਮ ਰੰਗਾੜਾ ਤੋਂ ਇਲਾਵਾ ਵਿਭਾਗ ਦੇ ਹੋਰ ਅਧਿਕਾਰੀ ਤੇ ਲਿਖਾਰੀ ਵੀ ਸ਼ਾਮਿਲ ਸਨ।

# ਐਸ.ਏ.ਐਸ ਸਕੂਲ ਦੇ ਸ਼ਸ਼ੀ ਕਾਂਤ ਮਿੱਤਲ ਬੈਸਟ ਟੀਚਰ ਨੈਸ਼ਨਲ ਐਵਾਰਡ ਨਾਲ ਸਨਮਾਨਿਤ

**ਚੀਮਾਂ ਮੰਡੀ,**
**-ਰੋਜ਼ਾਨਾ ਸਵੇਰਾ-**



ਬੀਤੇ ਦਿਨੀ ਫੇਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਂਡ ਆਈਸੋਸੀਏਸ਼ਨ ਪੰਜਾਬ ਵੱਲੋਂ ਬੈਸਟ ਟੀਚਰ ਨੈਸ਼ਨਲ ਐਵਾਰਡ ਸਮਾਰੋਹ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਕਰਵਾਇਆ ਗਿਆ।

ਜਿਸ ਦੌਰਾਨ ਵੱਖ ਵੱਖ ਸਕੂਲਾ ਵੱਲੋਂ ਨਾਮਜਦ ਕੀਤੇ ਗਏ ਸਰਵੋਤਮ ਅਧਿਆਪਕ ਨੂੰ ਫੇਡਰੇਸ਼ਨ ਵੱਲੋਂ ਸਨਮਾਨਿਤ ਕੀਤਾ ਗਿਆ ਇਲਾਕੇ ਦੀ ਨਾਮਵਰ ਵਿਦਿਅਕ ਸੰਸ਼ਥਾ ਐਸ.ਏ.ਐਸ.ਇੰਟਰਨੈਸ਼ਨਲ ਸਕੂਲ ਦੀ ਮਨੇਜਮੈਂਟ , ਪ੍ਰਿੰਸੀਪਲ ਅਤੇ ਸਮੂਹ ਅਧਿਆਪਕਾ ਵੱਲੋਂ ਇਸ ਅਵਾਰਡ ਲਈ ਸ਼ਸ਼ੀ ਕਾਂਤ ਮਿੱਤਲ ਦਾ ਨਾਂਮਕਨ ਕੀਤਾ ਗਿਆ ਅਤੇ ਫੇਡਰੇਸ਼ਨ ਵੱਲੋਂ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਸਿਖਿਆ ਮੰਤਰੀ ਹਰਜੋਤ ਸਿੰਘ ਬੈਂਸ ,ਯੂਨੀਵਰਸਿਟੀ ਚਾਂਸਲਰ ਸੰਦੀਪ ਸਿੰਘ ਸੰਧੂ ,ਦਮਨਜੀਤ ਕੌਰ ਸੰਧੂ ਅਤੇ ਫੇਡਰੇਸ਼ਨ ਦੇ ਪ੍ਰਧਾਨ ਜਗਜੀਤ ਸਿੰਘ ਧੂਰੀ ਅਤੇ ਹਜਾਰਾਂ ਅਧਿਆਪਕ ਦੀ ਮੌਜੂਦਗੀ ਵਿੱਚ ਸ਼ਸ਼ੀ ਕਾਂਤ ਮਿੱਤਲ ਨੂੰ ਬੈਸਟ ਟੀਚਰ ਨੈਸ਼ਨਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ।

ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਬਿਕਰਮ ਸ਼ਰਮਾਂ ਨੇ ਦੱਸਿਆ ਕੇ ਸ਼ਸ਼ੀ ਕਾਂਤ ਮਿੱਤਲ ਲੰਮੇ ਸਮੇਂ ਤੋਂ ਸਕੂਲ ਵਿੱਚ ਮੇਹਨਤ ਅਤੇ ਇਮਾਨਦਾਰੀ ਨਾਲ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ । ਸ਼ਸ਼ੀ ਕਾਂਤ ਮਿੱਤਲ ਵੱਲੋਂ ਜਿੱਥੇ ਇਸ ਅਵਾਰਡ ਦਾ ਸਿਹਰਾ ਸਕੂਲ ਮਨੇਜਮੈਂਟ , ਪ੍ਰਿੰਸੀਪਲ , ਸਮੂਹ ਅਧਿਆਪਕਾ ਅਤੇ ਵਿਦਿਆਰਥੀਆਂ ਨੂੰ ਦਿੱਤੋ ਉਥੇ ਹੀ ਫੇਡਰੇਸ਼ਨ ਦਾ ਵੀ ਧੰਨਵਾਦ ਕੀਤਾ ।

ਸਕੂਲ ਪਹੁੰਚਣ ਤੇ ਉਹਨਾਂ ਨੂੰ ਵਾਈਸ ਪ੍ਰਿੰਸੀਪਲ ਬਲਵਿੰਦਰ ਸਿੰਘ ,ਮਨੇਜਰ ਸ਼ਿਵ ਕੁਮਾਰ ,ਮੈਡਮ ਜਸਪ੍ਰੀਤ ਕੌਰ ,ਕੁਆਡੀਨੇਟਰ ਮੈਡਮ ਹਰਭਵਨ ਕੌਰ ਦੇ ਨਾਲ ਨਾਲ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਵੀ ਸ਼ਸ਼ੀ ਕਾਂਤ ਮਿੱਤਲ ਨੂੰ ਉਹਨਾਂ ਨੂੰ ਇਸ ਐਵਾਰਡ ਲਈ ਵਧਾਈ ਦਿਤੀ ।

# ਦਫ਼ਤਰਾਂ ਚ ਡਾ.ਅੰਬੇਡਕਰ ਦੀ ਫੋਟੋ ਲਗਾਕੇ ਪਾਖੰਡ ਕਰਨ ਵਾਲੀ ਆਪ ਸਰਕਾਰ ਹੋਈ ਬੇਨਕਾਬ : ਜਸਵੀਰ ਸਿੰਘ ਗੜ੍ਹੀ

**ਸੰਗਰੂਰ,**
**-ਰੋਜ਼ਾਨਾ ਸਵੇਰਾ-**



ਬਹੁਜਨ ਸਮਾਜ ਪਾਰਟੀ ਵੱਲੋਂ 6 ਦਸੰਬਰ ਨੂੰ ਸੰਵਿਧਾਨ ਨਿਰਮਾਤਾ ਬਾਬਾ ਸ੍ਰੀ ਭੀਮ ਰਾਓ ਅੰਬੇਡਕਰ ਸਾਹਿਬ ਜੀ ਦੇ ਜਨਮ ਦਿਵਸ ਮੌਕੇ ਸੂਬਾ ਪੱਧਰੀ ਵਰਕਰ ਸੰਮੇਲਨ ਕਰੇਗੀ। ਇੱਥੋਂ ਜਾਰੀ ਇਕ ਬਿਆਨ ਵਿੱਚ ਬਸਪਾ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਪਾਰਟੀ ਵੱਲੋਂ ਸੂਬਾ ਪੱਧਰੀ ਵਰਕਰ ਸੰਮੇਲਨ ਕੀਤਾ ਜਾਵੇਗਾ। ਇਸ ਸੰਮੇਲਨ ਲਈ ਸੂਬੇ ਭਰ ਵਿੱਚੋਂ ਪਾਰਟੀ ਵਰਕਰ ਹਿੱਸਾ ਲੈਣਗੇ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਵੱਲੋਂ ਲਿਖੇ ਗਏ ਸੰਵਿਧਾਨ ਉਤੇ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ, ਇਨ੍ਹਾਂ ਹਮਲਿਆਂ ਨੂੰ ਰੋਕਣ ਲਈ ਬਹੁਜਨ ਸਮਾਜ ਦੇ ਲੋਕਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ। ਉਨ੍ਹਾਂ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਉਤੇ ਵਰ੍ਹਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰੀ ਦਫ਼ਤਰਾਂ ਵਿੱਚ ਬਾਬਾ ਸਾਹਿਬ ਦੀ ਫੋਟੋ ਲਗਾ ਕੇ ਪਾਖੰਡ ਕਰਕੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਬਾਬਾ ਅੰਬੇਡਕਰ ਸਾਹਿਬ ਜੀ ਦੇ ਜਨਮ ਦਿਨ ਮੌਕੇ ਕੋਈ ਵੀ ਸਰਕਾਰੀ ਪ੍ਰੋਗਰਾਮ ਅਜੇ ਤੱਕ ਨਹੀਂ ਉਲੀਕਿਆ ਗਿਆ। ਉਨ੍ਹਾਂ ਇਹ ਵੀ ਕਿਹਾ ਕਿ 'ਆਪ'ਪਾਰਟੀ ਨੇ ਸੱਤਾ ਵਿੱਚ ਆਉਣ ਤੋਂ ਬਾਅਦ ਲਗਾਤਾਰ ਬਾਬਾ ਸਾਹਿਬ ਵੱਲੋਂ ਦਿੱਤੇ ਗਏ ਰਾਖਵਾਂਕਰਨ ਦੇ ਅਧਿਕਾਰ ਉਤੇ ਹਮਲੇ ਕੀਤੇ ਹਨ, ਜੋਕਿ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਤੇ ਘੱਟ ਗਿਣਤੀਆਂ ਨਾਲ ਧੋਖਾ ਹੈ। ਸ ਗੜ੍ਹੀ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਲਾਅ ਅਫਸਰਾਂ ਦੀ ਭਰਤੀ, ਪੁਲਿਸ ਵਿਭਾਗ ਅਤੇ ਸਿੱਖਿਆ ਵਿਭਾਗ ਵਿੱਚ ਨਿਕਲੀਆਂ ਨੌਕਰੀਆਂ ਵਿਚ ਲਗਾਤਾਰ ਰਾਖਵਾਂਕਰਨ ਨੀਤੀ ਦੀਆਂ ਧੱਜੀਆਂ ਉਡਾਈਆਂ ਹਨ। ਉਨ੍ਹਾਂ ਸਮਾਜ ਨੂੰ ਅਪੀਲ ਕੀਤੀ ਕਿ ਸਰਕਾਰ ਦੇ ਇਸ ਦੋਗਲੇ ਚੇਹਰੇ ਨੂੰ ਬੇਨਕਾਬ ਕਰਨ ਲਈ ਲਾਮਬੰਦ ਹੋਣ ਅਤੇ ਬਾਬਾ ਸਾਹਿਬ ਦੀ ਸੋਚ ਉਤੇ ਪਹਿਰਾ ਦਿੰਦੇ ਹੋਏ ਆਪਣੇ ਹੱਕਾਂ ਲਈ ਲੜਨ।ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ 9 ਅਕਤੂਬਰ ਬਹੁਜਨ ਸਮਾਜ ਪਾਰਟੀ ਵੱਲੋਂ ਬਸਪਾ ਬਾਨੀ ਸਾਹਿਬ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਮੌਕੇ ਖੰਨਾ ਵਿੱਚ ਸੂਬਾ ਪੱਧਰੀ ਸਮਾਗਮ ਕੀਤਾ ਗਿਆ ਸੀ। ਬਹੁਜਨ ਸਮਾਜ ਪਾਰਟੀ ਲਗਾਤਾਰ ਪੰਜਾਬ ਵਿੱਚ ਪਾਰਟੀ ਨੂੰ ਮਜ਼ਬੂਤ ਕਰਨ ਲਈ ਹੇਠਲੇ ਪੱਧਰ ਉਤੇ ਕੰਮ ਕਰ ਰਹੀ ਹੈ, ਜਿਸਦਾ ਸਬੂਤ ਦੋ ਮਹੀਨਿਆ ਵਿਚ ਲਗਾਤਾਰ ਦੂਜਾ ਸੂਬਾ ਪੱਧਰੀ ਪ੍ਰੋਗਰਾਮ ਕੀਤਾ ਜਾ ਰਿਹਾ ਹੈ।

# ਸ਼ਹੀਦ ਦੇ ਬੁੱਤ ਅੱਗੇ ਸ਼ਰਧਾ ਦੇ ਫੁੱਲ ਭੇਟ ਕਰਨ ਅਤੇ ਸ਼ਮ੍ਹਾਂ ਰੌਸ਼ਨ ਕਰਨ ਉਪਰੰਤ ਕਰਵਾਇਆ ਸ਼ਰਧਾਂਜਲੀ ਸਮਾਗਮ

**ਮਾਨਸਾ,**
**-ਰੋਜ਼ਾਨਾ ਸਵੇਰਾ-**



ਆਜ਼ਾਦ ਭਾਰਤ ਦੇ ਪਹਿਲੇ ਪਰਮਵੀਰ ਚੱਕਰ ਵਿਜੇਤਾ ਸ਼ਹੀਦ ਕੈਪਟਨ ਗੁਰਬਚਨ ਸਿੰਘ ਸਲਾਰੀਆ ਦਾ 61ਵਾਂ ਸ਼ਰਧਾਂਜਲੀ ਸਮਾਗਮ ਸ਼ਹੀਦ ਦੇ ਨਾਮ 'ਤੇ ਰੱਖੇ ਸਰਕਾਰੀ ਸੀ.ਐਸ.ਸਮਾਰਟ ਸਕੂਲ ਪਿੰਡ ਜੰਗਲ ਵਿਖੇ ਪ੍ਰਿੰਸੀਪਲ ਬਲਵਿੰਦਰ ਸੈਣੀ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਸ਼ਾਮਲ ਹੋਏ। ਇਨ੍ਹਾਂ ਤੋਂ ਇਲਾਵਾ ਸ਼ਹੀਦ ਦੀ ਭਾਬੀ ਅਵਧੇਸ਼ ਕੁਮਾਰੀ, ਭਤੀਜੇ ਸੂਬੇਦਾਰ ਕਰਨ ਸਿੰਘ, ਮਹੇਸ਼ਵਰ ਸਿੰਘ, ਭੁਪਿੰਦਰ ਸਿੰਘ ਅਤੇ ਰਾਜੇਸ਼ਵਰ ਸਿੰਘ, ਸ਼ਹੀਦ ਸੈਨਿਕ ਪਰਿਵਾਰ ਸੁਰੱਖਿਆ ਪ੍ਰੀਸ਼ਦ ਦੇ ਪ੍ਰਧਾਨ ਕਰਨਲ ਸਾਗਰ ਸਿੰਘ ਸਲਾਰੀਆ, ਜਨਰਲ ਸਕੱਤਰ ਕੁੰਵਰ ਰਵਿੰਦਰ ਸਿੰਘ ਵਿੱਕੀ, ਕਰਨਲ ਸੰਜੇ ਪਠਾਨੀਆ, ਗਿੰਨੀਜ਼ ਵਰਲਡ ਰਿਕਾਰਡ ਹੋਲਡਰ ਅਤੇ ਸੀਟੀ ਹਿਊਮੈਨਿਟੀ ਦੁਬਈ ਦੇ ਪੀ ਫਾਊਂਡਰ ਜੋਗਿੰਦਰ ਸਲਾਰੀਆ, ਡੀਈਓ ਸੈਕੰਡਰੀ ਰਾਜੇਸ਼ ਕੁਮਾਰ, ਡਿਪਟੀ ਡੀਈਓ ਠਾਕੁਰ ਰਾਜੇਸ਼ਵਰ ਸਲਾਰੀਆ, ਡਿਪਟੀ ਡੀਈਓ ਐਲੀਮੈਂਟਰੀ ਡੀ.ਜੀ.ਸਿੰਘ, ਨਗਰ ਸੁਧਾਰ ਟਰੱਸਟ ਪਠਾਨਕੋਟ ਦੇ ਚੇਅਰਮੈਨ ਠਾਕੁਰ ਮਨੋਹਰ ਸਿੰਘ, ਡੀਐਸਪੀ ਸੁਮੀਰ ਸਿੰਘ ਮਾਨ, ਸਮਾਜਿਕ ਵਰਕਰ ਇੰਦਰਜੀਤ ਸਿੰਘ ਬਾਜਵਾ, ਐਸ.ਡੀ.ਓ ਨਰੇਸ਼ ਤ੍ਰਿਪਾਠੀ, ਸਟੇਟ ਐਵਾਰਡੀ ਲੈਕਚਰਾਰ ਸਿਧਾਰਥ ਚੰਦਰ, ਠਾਕੁਰ ਭੁਪਿੰਦਰ ਸਿੰਘ ਮੁੰਨਾ, ਪਿ ?ਸੀਪਲ ਬਲਵੀਰ ਸਲਾਰੀਆ ਨੰਬਰਦਾਰ, ਕੈਪਟਨ ਜੋਗਿੰਦਰ, ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ ਦੇ ਪਿਤਾ ਅਸ਼ੋਕ ਚੱਕਰ ਸਿੰਘ ਆਦਿ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਸ਼ਰਧਾਂਜਲੀ ਭੇਟ ਕੀਤੀ ।

ਇਸ ਤੋਂ ਪਹਿਲਾਂ ਸ਼ਹੀਦ ਦੇ ਬੁੱਤ ਅੱਗੇ ਸ਼ਰਧਾ ਦੇ ਫੁੱਲ ਭੇਟ ਕਰਨ ਅਤੇ ਸ਼ਮ੍ਹਾਂ ਰੌਸ਼ਨ ਕਰਨ ਉਪਰੰਤ ਕਰਵਾਏ ਗਏ ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਸ਼ਹੀਦ ਯੋਧਿਆਂ ਦੀ ਬਹਾਦਰੀ ਅਤੇ ਕੁਰਬਾਨੀਆਂ ਸਦਕਾ ਅੱਜ ਦੇਸ਼ ਦੀ ਏਕਤਾ ਅਤੇ ਅਖੰਡਤਾ ਬਰਕਰਾਰ ਹੈ। ਕੈਪਟਨ ਗੁਰਬਚਨ ਸਲਾਰੀਆ ਜਿਨ੍ਹਾਂ ਨੇ ਸਾਊਥ ਅਫਰੀਕਾ ਦੀ ਵਿਦੇਸ਼ੀ ਧਰਤੀ 'ਤੇ ਬਹਾਦਰੀ ਦਾ ਝੰਡਾ ਲਹਿਰਾਉਂਦੇ ਹੋਏ 40 ਦੁਸ਼ਮਣ ਬਾਗੀਆਂ ਨੂੰ ਮਾਰ ਕੇ ਇਤਿਹਾਸ ਰਚਿਆ, ਜਿਸ ਦੀ ਮਿਸਾਲ ਦੁਨੀਆ 'ਚ ਬਹੁਤ ਘੱਟ ਦੇਖਣ ਨੂੰ ਮਿਲਦੀ ਹੈ। ਉਨ੍ਹਾਂ ਕਿਹਾ ਕਿ ਆਉ ਮਹਾਨ ਯੋਧੇ ਦੇ ਨਕਸ਼ੇ-ਕਦਮਾਂ ਤੇ ਚੱਲਣ ਦੀ ਕੋਸ਼ਿਸ਼ ਕਰੀਏ।

ਉਨ੍ਹਾਂ ਕਿਹਾ ਕਿ ਇਸ ਵਿਹੜੇ ਦੀ ਕੁਰਬਾਨੀ ਵਾਲੀ ਮਿੱਟੀ ਨੂੰ ਮੱਥਾ ਟੇਕਣ ਦੇ ਨਾਲ-ਨਾਲ ਮੈਂ ਇਸ ਪ੍ਰੋਗਰਾਮ ਵਿੱਚ ਹਾਜ਼ਰ ਸਾਰੇ ਸ਼ਹੀਦ ਪਰਿਵਾਰਾਂ ਦੇ ਚਰਨਾਂ ਵਿੱਚ ਨਤਮਸਤਕ ਹੁੰਦਾ ਹਾਂ।

# ਮਾਲਵਾ ਕਾਲਜ ਵਿਖੇ ਭਾਰਤੀ ਸੰਵਿਧਾਨ ਸਬੰਧੀ ਲੇਖ ਮੁਕਾਬਲੇ ਕਰਵਾਏ



**ਸਰਦੂਲਗੜ,**
**-ਰੋਜ਼ਾਨਾ ਸਵੇਰਾ-**

ਕਿਸੇ ਵੀ ਦੇਸ਼ ਦੇ ਰਾਜ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇਕ ਚੰਗੇ ਸੰਵਿਧਾਨ ਦੀ ਲੋੜ ਹੁੰਦੀ ਹੈ। ਸੰਵਿਧਾਨ ਵਿੱਚ ਉਹ ਨਿਯਮ ਅਤੇ ਕਾਨੂੰਨ ਦਰਜ ਹੁੰਦੇ ਹਨ ਜਿਨ੍ਹਾਂ ਉੱਤੇ ਅਮਲ ਕਰਕੇ ਲੋਕਾਂ ਦਾ ਵੱਧ ਤੋਂ ਵੱਧ ਕਲਿਆਣ ਕੀਤਾ ਜਾ ਸਕਦਾ ਹੈ÷ ਇਹ ਵਿਚਾਰ ਮਾਲਵਾ ਗਰੁੱਪ ਆਫ ਕਾਲਜਿਜ਼ ਸਰਦੂਲੇਵਾਲਾ ਦੇ ਜ਼ਿਆਦਾਤਰ ਵਿਦਿਆਰਥੀਆਂ ਨੇ ਸੰਸਥਾ ਵਿੱਚ ਭਾਰਤ ਦੇ ਸੰਵਿਧਾਨ ਸਬੰਧੀ ਕਰਵਾਏ ਗਏ ਲੇਖ ਮੁਕਾਬਲੇ ਵਿੱਚ ਪ੍ਰਗਟ ਕੀਤੇ। ਇਹ ਲੇਖ ਮੁਕਾਬਲਾ ਸਬ-ਡਵੀਜਨਲ ਲੀਗਲ ਸਰਵਿਸਿਜ਼ ਕਮੇਟੀ, ਸਰਦੂਲਗੜ੍ਹ ਦੀਆਂ ਹਿਦਾਇਤਾਂ ਅਨੁਸਾਰ ਕਰਵਾਏ ਗਏ। ਮੁਕਾਬਲੇ ਵਿੱਚ ਕਾਲਜ ਦੇ ਰਾਜਨੀਤੀ ਵਿਗਿਆਨ ਵਿਭਾਗ ਦੀਆਂ ਤਕਰੀਬਨ ਪੰਜਾਹ ਵਿਦਿਆਰਥਣਾਂ ਨੇ ਭਾਗ ਲਿਆ। ਸਾਰੀਆਂ ਹੀ ਵਿਦਿਆਰਥਣਾਂ ਨੇ ਆਪਣੇ ਵਿਚਾਰ ਬਹੁਤ ਪ੍ਰਭਾਵਸ਼ਾਲੀ ਤਰੀਕੇ ਨਾਲ ਲਿਖੇ ਗਏ ਪ੍ਰੰਤੂ ਛੇ ਲੜਕੀਆਂ ਦੇ ਲਿਖੇ ਹੋਏ ਲੇਖਾਂ ਨੂੰ ਉੱਤਮ ਕਰਾਰ ਦਿੰਦਿਆਂ ਉਹਨਾਂ ਨੂੰ ਲੀਗਲ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਇਹਨਾਂ ਵਿੱਚ ਗਗਨਦੀਪ, ਰਮਨਦੀਪ, ਸੁਖਜੀਤ ਅਤੇ ਰਾਜਵੀਰ ਸ਼ਾਮਲ ਸਨ।

*ਗਾਜ਼ਰ, ਮੂਲੀ ਅਤੇ ਸ਼ਲਗਮ ਜੜ੍ਹਾਂ ਵਾਲੀਆਂ ਸਬਜੀਆਂ ਹਨ। ਗਾਜਰ ਅਤੇ ਸ਼ਲਗਮ ਦੀ ਵਰਤੋਂ ਸਬਜ਼ੀ ਲਈ ਜਦੋਂ ਕਿ ਮੂਲੀ ਨੂੰ ਸਲਾਦ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਗਾਜਰ ਦਾ ਰਸ ਅਤੇ ਗਾਜਰ ਪਾਕ ਮਠਿਆਈ ਵੀ ਬਣਾਈ ਜਾਂਦੀ ਹੈ। ਗਾਜਰ ਅਤੇ ਸ਼ਲਗਮ ਦਾ ਅਚਾਰ ਪਾਇਆ ਜਾਂਦਾ ਹੈ...*

# ਵਪਾਰਕ ਸਬਜ਼ੀਆਂ ਦੀ ਬਿਜਾਈ



• ਡਾ. ਰਣਜੀਤ ਸਿੰਘ

ਇਹ ਵੇਖਣ ਵਿਚ ਆਇਆ ਹੈ ਕਿ ਪਿੰਡਾਂ ਦੇ ਬਹੁਤੇ ਘਰਾਂ ਵਿਚ ਵੀ ਸਬਜ਼ੀ ਸ਼ਹਿਰੋਂ ਜਾਂ ਫੇਰੀ ਵਾਲੇ ਤੋਂ ਲੈ ਕੇ ਬਣਾਈ ਜਾਂਦੀ ਹੈ। ਬਿਮਾਰੀਆਂ ਵਿਚ ਨਿੱਤ ਹੋ ਰਹੇ ਵਾਧੇ ਦਾ ਇਕ ਕਾਰਨ ਇਹ ਸਬਜ਼ੀਆਂ ਵੀ ਹਨ। ਮੈਂ ਕਿਸਾਨ ਵੀਰਾਂ ਨੂੰ ਹਰ ਵਾਰ ਇਹ ਅਪੀਲ ਕਰਦਾ ਹਾਂ ਕਿ ਆਪਣੀ ਬੰਬੀ ਲਾਗੇ ਸਬਜ਼ੀ ਬਗ਼ੀਚੀ ਬਣਾਈ ਜਾਵੇ। ਜੇਕਰ ਹਵੇਲੀ ਦਾ ਵਿਹੜਾ ਖੁਲ੍ਹਾ ਹੈ ਤਾਂ ਉੱਥੇ ਵੀ ਸਬਜ਼ੀ ਲਗਾਈ ਜਾ ਸਕਦੀ ਹੈ। ਅੱਸੂ ਦਾ ਮਹੀਨਾ ਸਰਦੀਆਂ ਲਈ ਸਬਜ਼ੀਆਂ ਲਗਾਉਣ ਦਾ ਢੁਕਵਾਂ ਮਹੀਨਾ ਹੈ। ਸਰਦੀਆਂ ਦੀਆਂ ਸਬਜ਼ੀਆਂ ਵਿਚ ਮਟਰ, ਫੁਲਗੋਭੀ, ਬੰਦ ਗੋਭੀ, ਗੰਢ ਗੋਭੀ, ਗਾਜਰ, ਮੂਲੀ, ਸ਼ਲਗਮ, ਪਾਲਕ, ਆਲੂ ਅਤੇ ਮੇਥੀ ਮੁੱਖ ਸਬਜ਼ੀਆਂ ਹਨ। ਬੰਬੀ ਬਗ਼ੀਚੀ ਵਿਚ ਲਗਾਉਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਕਿਟ ਖ਼ਰੀਦੀ ਜਾ ਸਕਦੀ ਹੈ। ਜਿਸ ਵਿਚ ਇਨ੍ਹਾਂ ਸਾਰੀਆਂ ਸਬਜ਼ੀਆਂ ਦੇ ਥੋੜ੍ਹੇ ਥੋੜ੍ਹੇ ਬੀਜ ਹੁੰਦੇ ਹਨ।

ਸਬਜ਼ੀਆਂ ਦੀ ਬਿਜਾਈ ਚੰਗੀ ਤਰ੍ਹਾਂ ਤਿਆਰ ਕੀਤੇ ਖੇਤ ਵਿਚ ਕਰਨੀ ਚਾਹੀਦੀ ਹੈ। ਰੂੜੀ ਦੀ ਵਰਤੋਂ ਜ਼ਰੂਰੀ ਹੈ। ਖੇਤ ਤਿਆਰ ਕਰਦੇ ਸਮੇਂ 10 ਕੁ ਟਨ ਦੇਸੀ ਰੂੜੀ ਪ੍ਰਤੀ ਏਕੜ ਪਾਈ ਜਾਵੇ। ਨਦੀਨਾਂ ਦੀ ਰੋਕਥਾਮ ਲਈ ਗੋਡੀ ਕੀਤੀ ਜਾਵੇ ਅਤੇ ਨਦੀਨ ਨਾਸ਼ਕਾਂ ਦੀ ਵਰਤੋਂ ਨਾ ਕੀਤੀ ਜਾਵੇ।

ਮਟਰ ਸਭ ਤੋਂ ਵਧ ਪਸੰਦ ਕੀਤੀ ਜਾਣ ਵਾਲੀ ਸਬਜ਼ੀ ਹੈ। ਇਸ ਅਗੇਤੀ ਫ਼ਸਲ ਦੀ ਬਿਜਾਈ ਸਤੰਬਰ ਦੇ ਅਖੀਰ ਤੋਂ ਦਸੰਬਰ ਦੇ ਅਖੀਰ ਤਕ ਕੀਤੀ ਜਾ ਸਕਦੀ ਹੈ। ਮਟਰ ਅਗੇਤ-7, ਮਟਰ ਅਗੇਤ-6 ਅਤੇ ਅਰਕਲ ਅਗੇਤੀਆਂ ਕਿਸਮਾਂ ਹਨ। ਇਸ ਵਾਰ ਇਕ ਨਵੀਂ ਕਿਸਮ ਏ ਪੀ-3 ਦੀ ਵੀ ਕਾਸ਼ਤ ਲਈ ਸਿਫ਼ਾਰਸ਼ ਕੀਤੀ ਗਈ ਹੈ। ਜੇਕਰ ਇਸ ਦੀ ਅਗੇਤੀ ਬਿਜਾਈ ਕੀਤੀ ਜਾਵੇ ਤਾਂ ਬਿਮਾਰੀਆਂ ਦਾ ਹਮਲਾ ਘਟ ਹੁੰਦਾ ਹੈ। ਇਸ ਮੌਸਮ ਵਿਚ ਪੰਜਾਬ 89 ਅਤੇ ਮਿੱਠੀ ਫ਼ਲੀ ਸਿਫ਼ਾਰਸ਼ ਕੀਤੀ ਗਈ ਹੈ। ਅਗੇਤੀ ਬਿਜਾਈ ਲਈ 45 ਕਿਲੋ ਅਤੇ ਮੁੱਖ ਸਮੇਂ ਲਈ 30 ਕਿਲੋ ਬੀਜ ਵਰਤਿਆ ਜਾਵੇ।

ਬਿਜਾਈ ਸਮੇਂ ਅਗੇਤੀਆਂ ਕਿਸਮਾਂ ਦੀ ਬਿਜਾਈ 30-75 ਸੈਂਟੀ ਮੀਟਰ ਦੇ ਫ਼ਾਸਲੇ 'ਤੇ ਅਤੇ ਮੁੱਖ ਸਮੇਂ ਦੀ ਬਿਜਾਈ ਸਮੇਂ 30-10 ਸੈਂਟੀ ਮੀਟਰ ਫ਼ਾਸਲੇ 'ਤੇ ਕੀਤੀ ਜਾਵੇ। ਬੀਜ ਨੂੰ ਬੀਜਣ ਤੋਂ ਪਹਿਲਾਂ ਰਾਈਜ਼ੋਬੀਅਮ ਦਾ ਟੀਕਾ ਜ਼ਰੂਰ ਲਗਾਇਆ ਜਾਵੇ। ਮਟਰ ਧਰਤੀ ਦੀ ਸਿਹਤ ਵਿਚ ਸੁਧਾਰ ਕਰਦੇ ਹਨ। ਫਿਰ ਵੀ ਬਿਜਾਈ ਸਮੇਂ 45 ਕਿਲੋ ਯੂਰੀਆ ਅਤੇ 155 ਕਿਲੋ ਸੁਪਰਫਾਸਫ਼ੇਟ ਪ੍ਰਤੀ ਏਕੜ ਪਾਈ ਜਾਵੇ। ਮਟਰਾਂ ਦੀ ਬਿਜਾਈ ਤੋਂ ਇਕ ਮਹੀਨੇ ਪਿੱਛੋਂ ਤੇ ਫਿਰ ਦੂਜੇ ਮਹੀਨੇ ਗੋਡੀ ਜ਼ਰੂਰ ਕਰੋ। ਬਿਜਾਈ ਤੋਂ ਤਿੰਨ ਮਹੀਨਿਆਂ ਪਿੱਛੋਂ ਪਹਿਲੀ ਤੁੜਾਈ ਕੀਤੀ ਜਾ ਸਕਦੀ ਹੈ। ਇਕ ਏਕੜ ਵਿੱਚੋਂ 60 ਕੁਇੰਟਲ ਤਕ ਹਰੀਆਂ ਫ਼ਲੀਆਂ ਪ੍ਰਾਪਤ ਹੋ ਸਕਦੀਆਂ ਹਨ।

ਗੋਭੀ ਦੀ ਪਨੀਰੀ ਪੁਟ ਕੇ ਵੀ ਇਸੇ ਮਹੀਨੇ ਖੇਤ ਵਿਚ ਲਗਾਈ ਜਾ ਸਕਦੀ ਹੈ। ਪਨੀਰੀ ਲਗਾਉਣ ਸਮੇਂ ਬੂਟਿਆਂ ਤੇ ਲਾਈਨਾਂ ਵਿਚਕਾਰ 45 ਸੈਂਟੀ ਮੀਟਰ ਦਾ ਫ਼ਾਸਲਾ ਰੱਖਿਆ ਜਾਵੇ। ਬਿਜਾਈ ਸਮੇਂ 50 ਕਿਲੋ ਯੂਰੀਆ, 155 ਕਿਲੋ ਸੁਪਰਫਾਸਫ਼ੇਟ ਅਤੇ 40 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਪਾਈ ਜਾਵੇ। ਇਕ ਮਹੀਨੇ ਪਿੱਛੋਂ ਲੋੜ ਅਨੁਸਾਰ ਹੋਰ ਯੂਰੀਆ ਪਾਇਆ ਜਾ ਸਕਦਾ ਹੈ। ਪਨੀਰੀ ਲਗਾਉਣ ਤੋਂ ਤੁਰੰਤ ਪਿੱਛੋਂ ਪਾਣੀ ਲਾਇਆ ਜਾਵੇ।

ਬੰਦ ਗੋਭੀ ਦੀ ਲੁਆਈ ਵੀ ਇਸੇ ਤਰ੍ਹਾਂ ਕੀਤੀ ਜਾ ਸਕਦੀ ਹੈ। ਬਰੌਕਲੀ ਦੇ ਵੀ ਕੁਝ ਬੂਟੇ ਜ਼ਰੂਰ ਲਗਾਉਣੇ ਚਾਹੀਦੇ ਹਨ। ਇਸ ਵਿਚ ਵਿਟਾਮਿਨ, ਲੋਹਾ ਅਤੇ ਕੈਲਸ਼ੀਅਮ ਹੁੰਦੇ ਹਨ। ਪੰਜਾਬ ਬਰੌਕਲੀ-1 ਅਤੇ ਪਾਲਮ ਸਮਰਿਧੀ ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਇਸ ਦੀ ਲੁਆਈ ਵੀ ਗੋਭੀ ਵਾਂਗ ਹੀ ਕੀਤੀ ਜਾਂਦੀ ਹੈ।

ਚੀਨੀ ਬੰਦ ਗੋਭੀ ਇਕ ਸਬਜ਼ੀ ਹੈ ਜਿਸ ਦਾ ਸਾਗ ਵਧੀਆ ਬਣਦਾ ਹੈ। ਪੰਜਾਬ ਵਿਚ ਕਾਸ਼ਤ ਲਈ ਸਾਗ ਸਰਸੋਂ ਅਤੇ ਚੀਨੀ ਸਰ੍ਹੋਂ-1 ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਕ ਮਹੀਨੇ ਪਿੱਛੋਂ ਪੱਤਿਆਂ ਦੀ ਪਹਿਲੀ ਤੁੜਾਈ ਕੀਤੀ ਜਾ ਸਕਦੀ ਹੈ। ਇਸ ਦੀਆਂ ਅੱਠ ਕੁ ਤੁੜਾਈਆਂ ਕੀਤੀਆਂ ਜਾ ਸਕਦੀਆਂ ਹਨ। ਇਕ ਏਕੜ ਵਿੱਚੋਂ ਕੋਈ 200 ਕੁਇੰਟਲ ਤਕ ਸਾਗ ਪ੍ਰਾਪਤ ਕੀਤਾ ਜਾ ਸਕਦਾ ਹੈ। ਖਾਦਾਂ ਅਤੇ ਖੇਤ ਦੀ ਤਿਆਰੀ ਗੋਭੀ ਵਾਂਗ ਹੀ ਕੀਤੀ ਜਾਵੇ।

ਗਾਜ਼ਰ, ਮੂਲੀ ਅਤੇ ਸ਼ਲਗਮ ਜੜ੍ਹਾਂ ਵਾਲੀਆਂ ਸਬਜੀਆਂ ਹਨ। ਗਾਜਰ ਅਤੇ ਸ਼ਲਗਮ ਦੀ ਵਰਤੋਂ ਸਬਜ਼ੀ ਲਈ ਜਦੋਂ ਕਿ ਮੂਲੀ ਨੂੰ ਸਲਾਦ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਗਾਜਰ ਦਾ ਰਸ ਅਤੇ ਗਾਜਰ ਪਾਕ ਮਠਿਆਈ ਵੀ ਬਣਾਈ ਜਾਂਦੀ ਹੈ। ਗਾਜਰ ਅਤੇ ਸ਼ਲਗਮ ਦਾ ਅਚਾਰ ਵੀ ਪਾਇਆ ਜਾਂਦਾ ਹੈ। ਪੰਜਾਬ ਕੈਰਟ ਰੈਡ, ਪੰਜਾਬ ਬਲੈਕ ਬਿਊਟੀ ਅਤੇ ਪੀ ਸੀ-34 ਗਾਜਰ ਦੀਆਂ ਉੱਨਤ ਕਿਸਮਾਂ ਹਨ। ਗਾਜਰ ਦਾ ਇਕ ਏਕੜ ਵਿਚ ਪੰਜ ਕਿਲੋ ਬੀਜ ਪਾਇਆ ਜਾਵੇ। ਐਲ-1 ਸ਼ਲਗਮ ਦੀ ਸਿਫ਼ਾਰਸ਼ ਕੀਤੀ ਕਿਸਮ ਹੈ।

ਸ਼ਲਗਮ ਦਾ ਇਕ ਏਕੜ ਵਿਚ ਦੋ ਕਿਲੋ ਬੀਜ ਪਾਇਆ ਜਾਵੇ। ਮੂਲੀ ਦੀ ਤਾਂ ਹੁਣ ਸਾਰਾ ਸਾਲ ਕਾਸ਼ਤ ਕੀਤੀ ਜਾ ਸਕਦੀ ਹੈ। ਹੁਣ ਪੰਜਾਬ ਪਸੰਦ, ਜਪਾਨੀ ਵਾਈਟ ਅਤੇ ਆਰ ਬੀ -21 ਕਿਸਮਾਂ ਦੀ ਬਿਜਾਈ ਕੀਤੀ ਜਾਵੇ। ਇਸ ਦਾ ਵੀ ਪੰਜ ਕਿਲੋ ਬੀਜ ਪ੍ਰਤੀ ਏਕੜ ਪਾਇਆ ਜਾਵੇ। ਜਿਵੇਂ ਪਹਿਲਾਂ ਲਿਖਿਆ ਸੀ ਸਬਜ਼ੀਆਂ ਲਈ ਦੇਸੀ ਰੂੜੀ ਜ਼ਰੂਰੀ ਹੈ। ਫਿਰ ਵੀ ਬਿਜਾਈ ਸਮੇਂ 55 ਕਿਲੋ ਯੂਰੀਆ ਅਤੇ 75 ਕਿਲੋ ਸੁਪਰਫਾਸਫ਼ੇਟ ਪ੍ਰਤੀ ਏਕੜ ਪਾਇਆ ਜਾਵੇ। ਹਰੇ ਪੱਤਿਆਂ ਵਾਲੀਆਂ ਸਬਜ਼ੀਆਂ ਵਿਚ ਵਧੇਰੇ ਖ਼ੁਰਾਕੀ ਤੱਤ ਹੁੰਦੇ ਹਨ। ਇਨ੍ਹਾਂ ਵਿਚ ਪਾਲਕ, ਮੈਥੀ, ਸਲਾਦ ਅਤੇ ਧਨੀਆਂ ਮੁੱਖ ਹਨ। ਪਾਲਕ ਦੀ ਬਿਜਾਈ ਵੀ ਹੁਣ ਕੀਤੀ ਜਾ ਸਕਦੀ ਹੈ।







ਪੰਜਾਬ ਗਰੀਨ ਕਿਸਮ ਬੀਜਣੀ ਚਾਹੀਦੀ ਹੈ। ਇਕ ਏਕੜ ਵਿਚ ਪੰਜ ਕਿਲੋ ਬੀਜ ਪਾਇਆ ਜਾਵੇ। ਪੰਜਾਬੀ ਸਲਾਦ ਦੀ ਬਹੁਤ ਘੱਟ ਵਰਤੋਂ ਕਰਦੇ ਹਨ। ਇਸ ਦੇ ਕੁਝ ਬੂਟੇ ਘਰ ਵਿਚ ਜ਼ਰੂਰ ਲਗਾਏ ਜਾਣ। ਪੰਜਾਬ ਲੈਟਸ-1 ਕਿਸਮ ਦੀ ਬਿਜਾਈ ਕੀਤੀ ਜਾਵੇ। ਇਸੇ ਤਰ੍ਹਾਂ ਮੈਥੀ ਦੀ ਵੀ ਬਿਜਾਈ ਕੀਤੀ ਜਾਵੇ। ਇਸ ਦੀ ਸਬਜ਼ੀ ਲਈ ਜਾਂ ਰੋਟੀਆਂ ਵਿਚ ਪਾਉਣ ਲਈ ਵਰਤੋਂ ਕੀਤੀ ਜਾਂਦੀ ਹੈ। ਕਸੂਰੀ ਸੁਪਰੀਮ ਉੱਨਤ ਕਿਸਮਾਂ ਹਨ। ਇਕ ਏਕੜ ਲਈ 10 ਕਿਲੋ ਬੀਜ ਚਾਹੀਦਾ ਹੈ। ਇਸ ਨੂੰ ਸੁਕਾ ਕੇ ਵੀ ਰੱਖਿਆ ਜਾਂਦਾ ਹੈ ਤੇ ਸਬਜ਼ੀਆਂ ਵਿਚ ਵਰਤੋਂ ਕੀਤੀ ਜਾਂਦੀ ਹੈ।

ਧਨੀਏ ਦੀ ਪੰਜਾਬ ਸੁਗੰਧ ਉੱਨਤ ਕਿਸਮ ਹੈ। ਇਸ ਦਾ ਵੀ ਇਕ ਏਕੜ ਵਿਚ 10 ਕਿਲੋ ਬੀਜ ਪੈਂਦਾ ਹੈ। ਬੀਜ ਨੂੰ ਬੀਜਣ ਲਈ ਮਸਲਣਾ ਜ਼ਰੂਰੀ ਹੈ ਤਾਂ ਜੋ ਇਸ ਦੇ ਤਿੰਨ ਜਾਂ ਚਾਰ ਟੁਕੜੇ ਹੋ ਸਕਣ। ਉਮੀਦ ਹੈ ਇਸ ਵਾਰ ਤੁਸੀਂ ਸਬਜ਼ੀਆਂ ਦੀ ਬਗ਼ੀਚੀ ਜ਼ਰੂਰ ਬਣਾਵੋਗੇ ਅਤੇ ਤਾਜ਼ੀਆਂ ਜ਼ਹਿਰ ਰਹਿਤ ਸਬਜ਼ੀਆਂ ਦਾ ਅਨੰਦ ਮਾਣੋਗੇ। ਲਸਣ ਦੀ ਵਰਤੋਂ ਹਰੇਕ ਘਰ ਵਿਚ ਹੁੰਦੀ ਹੈ।


ਇਨ੍ਹੀ ਦਿਨੀ ਇਸ ਦੀ ਬਿਜਾਈ ਕੀਤੀ ਜਾ ਸਕਦੀ ਹੈ। ਪੀ-ਜੀ-17 ਉੱਨਤ ਕਿਸਮ ਹੈ। ਇਕ ਏਕੜ ਲਈ 240 ਕਿਲੋ ਨਿਰੋਗ ਤੁਰੀਆਂ ਚਾਹੀਦੀਆਂ ਹਨ। ਆਪਣੇ ਖੇਤ ਵਿਚ ਸਬਜ਼ੀ ਉਗਾਈਏ। ਤਾਜ਼ੀਆਂ ਸਬਜੀਆਂ ਨਾਲ ਸੁਆਦ ਅਤੇ ਸਿਹਤ ਵਿਚ ਵਾਧਾ ਹੋਵੇਗਾ। •

---

*ਪੱਤਿਆਂ ਵਾਲੀਆਂ ਸਬਜ਼ੀਆਂ ਦੇ ਕੀੜਿਆਂ ਦੀ ਸਹੀ ਸਮੇਂ 'ਤੇ ਰੋਕਥਾਮ ਕਰ ਕੇ ਝਾੜ ਵਿਚ ਵਾਧਾ ਕੀਤਾ ਜਾ ਸਕਦਾ ਹੈ ਅਤੇ ਵਧ ਮੁਨਾਫ਼ਾ ਕਮਾਇਆ ਜਾ ਸਕਦਾ ਹੈ। ਇਸ ਲਈ ਇਨ੍ਹਾਂ ਕੀੜਿਆਂ ਦੇ ਹਮਲੇ ਦੀ ਸਮੇਂ ਸਿਰ ਪਛਾਣ ਕਰ ਕੇ ਸਿਫ਼ਾਰਸ਼ ਕੀਤੇ ਗਏ ਕੀਟਨਾਸ਼ਕ ਦੀ ਸਹੀ ਮਿਕਦਾਰ ਦੀ ਵਰਤੋਂ ਕਰਨੀ ਚਾਹੀਦੀ ਹੈ...*







# ਸਰਦ ਰੁੱਤ ਦੀਆਂ ਸਬਜ਼ੀਆਂ ਦੇ ਕੀੜੇ

• ਰਵਿੰਦਰ ਸਿੰਘ ਚੰਦੀ, ਅਮਨਦੀਪ ਕੌਰ, ਸਮਰਿਤੀ ਸ਼ਰਮਾ

ਮਨੁੱਖੀ ਭੋਜਨ ਵਿਚ ਸਬਜ਼ੀਆਂ ਦੀ ਬਹੁਤ ਮਹੱਤਤਾ ਹੈ। ਇਸ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿਉਂਕਿ ਸਬਜ਼ੀਆਂ ਤੋਂ ਸਾਨੂੰ ਭਰਪੂਰ ਮਾਤਰਾ ਵਿਚ ਵਿਟਾਮਿਨ, ਪ੍ਰੋਟੀਨ, ਕਾਰਬੋਹਾਈਡਰੇਟਜ਼ ਅਤੇ ਹੋਰ ਜ਼ਰੂਰੀ ਤੱਤ ਮਿਲਦੇ ਹਨ। ਪੰਜਾਬ ਵਿਚ ਸਾਲ 2015-16 ਦੌਰਾਨ 2.3 ਲੱਖ ਹੈਕਟੇਅਰ ਉੱਪਰ ਸਬਜ਼ੀਆਂ ਦੀ ਕਾਸ਼ਤ ਹੋਈ, ਜਿਸ ਵਿੱਚੋਂ ਸਬਜ਼ੀਆਂ ਦੀ ਪੈਦਾਵਾਰ 45.48 ਲੱਖ ਟਨ ਸੀ ਪਰ ਜੇਕਰ ਅਸੀਂ ਪ੍ਰਤੀ ਜੀਅ ਪ੍ਰਤੀ ਦਿਨ ਸਬਜ਼ੀਆਂ ਦੀ ਖ਼ਪਤ ਵੇਖੀਏ ਤਾਂ ਇਹ 200 ਗ੍ਰਾਮ ਪ੍ਰਤੀ ਮਨੁੱਖ ਤੋਂ ਵੀ ਘੱਟ ਬਣਦੀ ਹੈ। ਇਸ ਮਨੁੱਖੀ ਮੰਗ ਨੂੰ ਪੂਰਾ ਕਰਨ ਲਈ ਸਬਜ਼ੀਆਂ ਦੀ ਪੈਦਾਵਾਰ ਨੂੰ ਦੁੱਗਣਾ ਕਰਨ ਦੀ ਲੋੜ ਹੈ। ਜੇਕਰ ਸੁਚੱਜੇ ਤਰੀਕਿਆਂ ਨਾਲ ਕੀੜਿਆਂ ਦੀ ਰੋਕਥਾਮ ਕੀਤੀ ਜਾਵੇ ਤਾਂ ਝਾੜ ਵਿਚ ਵਾਧਾ ਕਰਕੇ, ਵਧ ਮੁਨਾਫ਼ਾ ਕਮਾਇਆ ਜਾ ਸਕਦਾ ਹੈ। ਇਸ ਲਈ ਇਨ੍ਹਾਂ ਕੀੜਿਆਂ ਦੇ ਹਮਲੇ ਦੀ ਸਹੀ ਅਤੇ ਸਮੇਂ ਸਿਰ ਪਛਾਣ ਅਤੇ ਸਿਫ਼ਾਰਸ਼ ਕੀਤੇ ਗਏ ਕੀਟਨਾਸ਼ਕ ਦੀ ਸਹੀ ਮਿਕਦਾਰ ਦੀ ਵਰਤੋਂ ਕਰਨੀ ਚਾਹੀਦੀ ਹੈ। ਸਰਦ ਰੁੱਤ ਦੀਆਂ ਸਬਜ਼ੀਆਂ ਦੇ ਮੁੱਖ ਕੀੜੇ ਮਕੌੜਿਆਂ ਦੇ ਹਮਲੇ ਦੀਆਂ ਨਿਸ਼ਾਨੀਆਂ ਅਤੇ ਰੋਕਥਾਮ ਦੇ ਤਰੀਕੇ ਹੇਠਾਂ ਦਿੱਤੇ ਜਾ ਰਹੇ ਹਨ।

## ਟਮਾਟਰ

### ਫਲ ਦਾ ਗੜੂੰਆਂ

ਇਹ ਟਮਾਟਰ ਉੱਪਰ ਪਾਇਆ ਜਾਣ ਵਾਲਾ ਹਾਨੀਕਾਰਕ ਕੀੜਾ ਹੈ ਜੋ ਟਮਾਟਰ ਤੋਂ ਇਲਾਵਾ ਛੋਲੇ, ਨਰਮਾ, ਬਰਸੀਮ ਆਦਿ ਦਾ ਵੀ ਨੁਕਸਾਨ ਕਰਦਾ ਹੈ। ਸੁੰਡੀਆਂ ਪਹਿਲਾਂ ਪੱਤਿਆਂ ਨੂੰ ਖਾਂਦੀਆਂ ਹਨ ਅਤੇ ਬਾਅਦ ਵਿਚ ਇਹ ਸੁੰਡੀਆਂ ਵੱਡੀ ਅਵਸਥਾ ਵਿਚ ਫਲਾਂ ਵਿਚ ਮੋਰੀਆਂ ਕਰ ਕੇ ਉਨ੍ਹਾਂ ਦਾ ਨੁਕਸਾਨ ਕਰਦੀਆਂ ਹਨ। ਅਜਿਹੇ ਫਲ ਮੰਡੀਕਰਨ ਅਤੇ ਖਾਣ ਦੇ ਯੋਗ ਨਹੀਂ ਰਹਿੰਦੇ। ਇਸ ਨਾਲ ਝਾੜ ਦਾ ਵੀ ਕਾਫੀ ਨੁਕਸਾਨ ਹੋ ਜਾਂਦਾ ਹੈ।

**ਰੋਕਥਾਮ** : ਹੇਠ ਲਿਖੇ ਕਿਸੇ ਵੀ ਕੀਟਨਾਸ਼ਕ ਨਾਲ ਦੋ ਹਫ਼ਤੇ ਦੇ ਅੰਤਰਾਲ ਤੇ 3 ਛਿੜਕਾਅ, ਫੁੱਲ ਪੈਣ ਸਮੇਂ ਸ਼ੁਰੂ ਕਰੋ। 30 ਮਿਲੀਲਿਟਰ ਫੇਮ 480 ਐੱਸਐੱਲ (ਫਲੂਬੈਂਡੀਆਮਾਈਡ) ਜਾਂ 200 ਮਿਲੀਲਿਟਰ ਇੰਡੋਕਸਾਕਾਰਬ 14.5 ਐੱਸਸੀ ਜਾਂ 600 ਮਿਲੀਲਿਟਰ ਕਰੀਨਾ 50 ਈਸੀ (ਪਰੋਫੀਨੋਫਾਸ) ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਛਿੜਕਾਅ ਤੋਂ ਪਹਿਲਾਂ ਮੰਡੀਕਰਨ ਯੋਗ ਅਤੇ ਪੱਕੇ ਹੋਏ ਫਲ ਤੋੜ ਲਵੋ। ਫੇਮ ਦੇ ਛਿੜਕਾਅ ਤੋਂ 3 ਦਿਨ, ਰਿਪਕਾਰਡ, ਸੁਮੀਸੀਡੀਨ ਅਤੇ ਡੈਸਿਸ ਤੋਂ 1 ਦਿਨ ਅਤੇ ਕਰੀਨਾ ਤੋਂ 5 ਦਿਨ ਉਡੀਕ ਦਾ ਸਮਾਂ ਰੱਖ ਕੇ ਫਲ ਤੋੜਨੇ ਚਾਹੀਦੇ ਹਨ।

### ਚਿੱਟੀ ਮੱਖੀ

ਇਹ ਬਹੁਫ਼ਸਲੀ ਕੀੜਾ ਹੈ ਜੋ ਕਿ ਫ਼ਸਲਾਂ ਤੋਂ ਇਲਾਵਾ ਨਦੀਨਾਂ ਉੱਪਰ ਵੀ ਪਾਇਆ ਜਾਂਦਾ ਹੈ। ਚਿੱਟੀ ਮੱਖੀ ਦੇ ਬਾਲਗ ਅਤੇ ਬੱਚੇ ਪੱਤਿਆਂ ਦਾ ਰਸ ਚੂਸ ਕੇ ਨੁਕਸਾਨ ਕਰਦੇ ਹਨ। ਹਮਲੇ ਵਾਲੇ ਬੂਟੇ ਦੋ ਤਰ੍ਹਾਂ ਨਾਲ ਪ੍ਰਭਾਵਿਤ ਹੁੰਦੇ ਹਨ, ਰਸ ਚੂਸਣ ਕਰਕੇ ਬੂਟੇ ਛੋਟੇ ਰਹਿ ਜਾਂਦੇ ਹਨ, ਦੂਜਾ ਬੂਟਿਆਂ ਦੀ ਭੋਜਨ ਬਣਾਉਣ ਵਾਲੀ ਪ੍ਰਕਿਰਿਆ ਪ੍ਰਭਾਵਿਤ ਹੋ ਜਾਂਦੀ ਹੈ ਕਿਉਂਕਿ ਪੱਤਿਆਂ ਉੱਪਰ ਕਾਲੀ ਉੱਲੀ ਲੱਗ ਜਾਂਦੀ ਹੈ। ਝਾੜ ਤੇ ਵੀ ਕਾਫੀ ਮਾੜਾ ਅਸਰ ਪੈਂਦਾ ਹੈ। ਇਹ ਕੀੜਾ ਵਿਸ਼ਾਣੂ ਰੋਗ (ਪੱਤਾ ਮਰੋੜ ਵਿਸ਼ਾਣੂ) ਵੀ ਫੈਲਾਉਂਦਾ ਹੈ।

**ਰੋਕਥਾਮ** : ਇਸ ਦੀ ਰੋਕਥਾਮ ਲਈ 400 ਮਿਲੀਲਿਟਰ ਮੈਲਾਥਿਆਨ 50 ਈਸੀ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿਚ ਘੋਲ ਕੇ ਫਲ ਪੈਣ ਤੋਂ ਪਹਿਲਾਂ ਛਿੜਕੋ।

### ਚੇਪਾ

ਟਮਾਟਰ ਉੱਪਰ ਰਸ ਚੂਸਣ ਵਾਲੇ ਕੀੜਿਆਂ ਵਿੱਚੋਂ ਚੇਪਾ ਕਾਫੀ ਹੱਦ ਤਕ ਨੁਕਸਾਨ ਕਰਦਾ ਹੈ। ਬੱਚੇ ਅਤੇ ਬਾਲਗ ਦੋਨੋਂ ਟਮਾਟਰ ਦੇ ਪੱਤਿਆਂ ਦਾ ਰਸ ਚੂਸਦੇ ਹਨ ਜਿਸ ਕਾਰਨ ਬੂਟਿਆਂ ਦਾ ਵਾਧਾ ਰੁਕ ਜਾਂਦਾ ਹੈ ਅਤੇ ਉਹ ਕਮਜ਼ੋਰ ਰਹਿ ਜਾਂਦੇ ਹਨ। ਹਮਲੇ ਕਾਰਨ ਨਵੀਆਂ ਕਰੂੰਬਲਾਂ ਮੁਰਝਾਅ ਜਾਂਦੀਆਂ ਹਨ। ਬੱਦਲਵਾਈ ਅਤੇ ਠੰਡਾ ਮੌਸਮ ਇਸ ਕੀੜੇ ਦਾ ਵਾਧਾ ਕਰਦੇ ਹਨ।

**ਰੋਕਥਾਮ** : ਇਸ ਦੀ ਰੋਕਥਾਮ ਲਈ 400 ਮਿਲੀਲਿਟਰ ਮੈਲਾਥਿਆਨ 50 ਈਸੀ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿਚ ਘੋਲ ਕੇ ਫਲ ਪੈਣ ਤੋਂ ਪਹਿਲਾਂ ਛਿੜਕੋ।

## ਗੋਭੀ ਜਾਤੀ ਦੀਆਂ ਸਬਜ਼ੀਆਂ

ਫੁੱਲ ਗੋਭੀ, ਬੰਦ ਗੋਭੀ, ਬਰੌਕਲੀ, ਚੀਨੀ ਬੰਦ ਗੋਭੀ

### ਚਮਕੀਲੀ ਪਿੱਠ ਵਾਲਾ ਪਤੰਗਾ

ਇਹ ਕੀੜਾ ਸੰਸਾਰ ਭਰ ਵਿਚ ਫੁੱਲ ਗੋਭੀ ਅਤੇ ਬੰਦਗੋਭੀ ਦਾ ਮਸ਼ਹੂਰ ਕੀੜਾ ਹੈ। ਜਿਸ ਦਾ ਹਮਲਾ ਪੰਜਾਬ ਵਿਚ ਮੁੱਖ ਫ਼ਸਲ ਉੱਪਰ ਅਕਤੂਬਰ ਤੋਂ ਨਵੰਬਰ ਤਕ ਰਹਿੰਦਾ ਹੈ। ਸ਼ੁਰੂਆਤੀ ਅਵਸਥਾ ਵਿਚ ਸੁੰਡੀਆਂ ਪੱਤੇ ਦੇ ਹੇਠਲੇ ਪਾਸੇ ਤੇ ਸੁਰੰਗਾਂ ਬਣਾ ਕੇ ਪੱਤਿਆਂ ਦਾ ਨੁਕਸਾਨ ਕਰਦੀਆਂ ਹਨ। ਬਾਅਦ ਵਿਚ ਵੱਡੀਆਂ ਸੁੰਡੀਆਂ ਪੱਤੇ ਦੇ ਹੇਠਾਂ ਤੋਂ ਪੂਰਾ ਪੱਤਾ ਖਾਂਦੀਆਂ ਹਨ। ਬੰਦਗੋਭੀ ਅਤੇ ਫੁੱਲਗੋਭੀ ਦੇ ਵਿਚਕਾਰਲੇ ਪੱਤੇ ਛਾਨਣੀ-ਛਾਨਣੀ ਹੋ ਜਾਂਦੇ ਹਨ। ਅੰਡਿਆਂ ਵਿੱਚੋਂ ਨਿਕਲੀ ਸੁੰਡੀ ਪੱਤੇ ਦੀ ਹੇਠਲੀ ਸਤ੍ਹਾ 'ਤੇ ਸੁਰੰਗਾਂ ਦੇ ਵਿਚ ਵੜ ਕੇ ਖਾਂਦੀ ਹੈ। ਇਹ ਸੁੰਡੀ ਕਿਸੇ ਵੀ ਚੀਜ਼ ਦੇ ਨਾਲ ਲੱਗਣ ਨਾਲ ਮਚਲ ਕੇ ਪੱਤੇ ਤੋਂ ਇਕ ਪਤਲੀ ਰੇਸ਼ਮੀ ਤਾਰ ਬਣਾ ਕੇ ਹੇਠਾਂ ਡਿੱਗ ਪੈਂਦੀ ਹੈ ਅਤੇ ਕੁਝ ਦੇਰ ਬਾਅਦ ਵਾਪਸ ਪਤਲੀ ਰੇਸ਼ਮੀ ਤਾਰ ਨਾਲ ਪੱਤੇ ਉੱਪਰ ਆ ਜਾਂਦੀ ਹੈ।

**ਰੋਕਥਾਮ** : ਹੇਠ ਲਿਖੀਆਂ ਵਿੱਚੋਂ ਕਿਸੇ ਇਕ ਕੀਟਨਾਸ਼ਕ ਨਾਲ ਫ਼ਸਲ ਨੂੰ ਪਿੱਠੂ ਪੰਪ ਦੀ ਮਦਦ ਨਾਲ 80-100 ਲਿਟਰ ਪਾਣੀ ਪ੍ਰਤੀ ਏਕੜ ਦੀ ਵਰਤੋਂ ਕਰ ਕੇ ਛਿੜਕਾਅ ਕਰਨਾ ਚਾਹੀਦਾ ਹੈ। 300 ਮਿਲੀ ਲਿਟਰ ਡਾਈਪੈਲ 5 ਐੱਲ ਜਾਂ 300 ਗ੍ਰਾਮ ਹਾਲਟ ਡਬਲਿਊ ਪੀ ਜਾਂ ਡੈਲਫਿਨ ਡਬਲਿਊ ਜੀ ਜਾਂ 240 ਮਿਲੀ ਲਿਟਰ ਸਕਸੈੱਸ 2.5 ਐੱਸ ਸੀ (ਸਪਾਈਨੋਸੈਡ) ਜਾਂ 70 ਗ੍ਰਾਮ ਪਰੋਕਲੇਮ 5 ਐੱਸ ਜੀ (ਐਮਾਮੈਕਟਿਨ ਬੈਂਜੋਏਟ) ਜਾਂ 130 ਮਿਲੀ ਲਿਟਰ ਅਵਾਂਟ 15.8 ਈਸੀ (ਇੰਡੋਕਸਾਕਾਰਬ) ਜਾਂ 200 ਗ੍ਰਾਮ ਪਦਾਨ 50 ਐੱਸਪੀ (ਕਾਰਟੈਪ ਹਾਈਡਰੋਕਲੋਰਾਇਡ) ਜਾਂ 200-400 ਮਿਲੀ ਲਿਟਰ ਏਕਾਲਕਸ 25 ਈਸੀ (ਕੁਇਨਲਫਾਸ) ਜਾਂ 100 ਮਿਲੀ ਲਿਟਰ ਸੁਮੀਸੀਡੀਨ 20 ਈਸੀ (ਫੈਨਵਲਰੇਟ) ਦੀ ਵਰਤੋਂ ਕਰੋ। ਜੇਕਰ ਹਮਲਾ ਫਿਰ ਵੀ ਰਹਿੰਦਾ ਹੈ ਤਾਂ, ਡਾਇਪਲ ਦੀ 7 ਦਿਨਾਂ ਬਾਅਦ ਜਾਂ ਬਾਕੀ ਕੀਟਨਾਸ਼ਕਾਂ ਦੀ 10 ਦਿਨਾਂ ਬਾਅਦ ਦੁਬਾਰਾ ਵਰਤੋਂ ਕਰੋ।

### ਤੰਬਾਕੂ ਸੁੰਡੀ

ਤੰਬਾਕੂ ਸੁੰਡੀ ਇਕ ਮਹੱਤਵਪੂਰਨ ਕੀੜਾ ਹੈ ਅਤੇ ਇਹ ਸੰਸਾਰ ਦੇ ਗਰਮ ਅਤੇ ਅਰਧ ਗਰਮ ਜਲਵਾਯੂ ਵਾਲੀਆਂ ਸਾਰੀਆਂ ਫ਼ਸਲਾਂ ਦਾ ਨੁਕਸਾਨ ਕਰਦਾ ਹੈ। ਇਹ ਤੰਬਾਕੂ ਦੀ ਫ਼ਸਲ ਤੋਂ ਇਲਾਵਾ ਅਰਿੰਡ, ਮੂੰਗੀ, ਨਰਮਾ, ਸੂਰਜਮੁੱਖੀ, ਟਮਾਟਰ, ਬੰਦ ਗੋਭੀ, ਫੁੱਲ ਗੋਭੀ ਆਦਿ ਫ਼ਸਲਾਂ ਦਾ ਵੀ ਨੁਕਸਾਨ ਕਰਦਾ ਹੈ। ਛੋਟੀਆਂ ਸੁੰਡੀਆਂ ਇੱਕਠੀਆਂ ਹੋ ਕੇ ਪੱਤਿਆਂ ਨੂੰ ਖਾਂਦੀਆਂ ਹਨ ਅਤੇ ਛਾਨਣੀ-ਛਾਨਣੀ ਕਰ ਦਿੰਦੀਆਂ ਹਨ। ਇਸ ਤੋਂ ਬਾਅਦ ਸੁੰਡੀ ਇੱਕਲੀ-ਇੱਕਲੀ ਹੋ ਕੇ ਪੂਰੇ ਪੱਤੇ ਨੂੰ ਖਾਂਦੀ ਹੈ ਅਤੇ ਇੱਥੋਂ ਤਕ ਬੰਦ ਗੋਭੀ ਦੇ ਫੁੱਲ ਤੇ ਵੀ ਹਮਲਾ ਕਰ ਦਿੰਦੀ ਹੈ। ਇਸ ਕੀੜੇ ਦਾ ਹਮਲਾ ਅਗਸਤ ਤੋਂ ਸ਼ੁਰੂ ਹੋ ਕੇ ਅਕਤੂਬਰ ਤਕ ਰਹਿੰਦਾ ਹੈ।

**ਰੋਕਥਾਮ** : ਅੰਡਿਆਂ ਅਤੇ ਸੁੰਡੀਆਂ ਨੂੰ ਹੱਥਾਂ ਨਾਲ ਫੜ ਕੇ ਨਸ਼ਟ ਕਰ ਦਿਉ। ਚਮਕੀਲੀ ਪਿੱਠ ਵਾਲੇ ਪਤੰਗੇ ਦੀ ਰੋਕਥਾਮ ਲਈ ਵਰਤੀਆਂ ਜਾਣ ਵਾਲੀਆਂ ਦਵਾਈਆਂ ਨਾਲ ਇਸ ਕੀੜੇ ਦੀ ਰੋਕਥਾਮ ਵੀ ਕੀਤੀ ਜਾ ਸਕਦੀ ਹੈ। ਜੇਕਰ ਇਨ੍ਹਾਂ ਸੁੰਡੀਆਂ ਦਾ ਹਮਲਾ ਸਾਰੇ ਖੇਤ ਵਿਚ ਨਾ ਹੋਵੇ ਤਾਂ ਇਹ ਦਵਾਈਆਂ ਹਮਲੇ ਵਾਲੇ ਥਾਂ ਤੇ ਹੀ ਵਰਤੀਆਂ ਜਾਣੀਆਂ ਚਾਹੀਦੀਆਂ ਹਨ। ਜ਼ਿਆਦਾ ਹਮਲੇ ਦੀ ਸੂਰਤ ਵਿੱਚ 150 ਮਿਲੀ ਲਿਟਰ ਰਿਮੋਨ 10 ਈਸੀ (ਨੋਵਾਲੂਰਾਨ) ਪ੍ਰਤੀ ਏਕੜ 80-100 ਲਿਟਰ ਪਾਣੀ ਦੀ ਵਰਤੋਂ ਕਰ ਕੇ ਛਿੜਕਾਅ ਕਰੋ। ਇਸ ਸਪਰੇਅ ਨਾਲ ਚਮਕੀਲੀ ਪਿੱਠ ਵਾਲੇ ਪਤੰਗੇ ਦੀ ਰੋਕਥਾਮ ਵੀ ਹੋ ਜਾਂਦੀ ਹੈ।

### ਗੋਭੀ ਦੀ ਸੁੰਡੀ

ਇਹ ਇਕ ਗੰਭੀਰ ਕੀੜਾ ਹੈ ਅਤੇ ਸਰ੍ਹੋਂ ਜਾਤੀ ਦੀਆਂ ਸਬਜ਼ੀਆਂ ਉੱਪਰ ਹਮਲਾ ਕਰਦਾ ਹੈ। ਇਸ ਕੀੜੇ ਦੀਆਂ ਸੁੰਡੀਆਂ ਕਾਫੀ ਨੁਕਸਾਨ ਕਰਦੀਆਂ ਹਨ। ਸ਼ੁਰੂਆਤ ਵਿਚ ਸੁੰਡੀ ਪੱਤੇ ਦੀ ਸਤ੍ਹਾ ਨੂੰ ਖਰੋਚਦੀ ਹੈ ਜਦੋਂ ਕਿ ਵੱਡੀ ਅਵਸਥਾ ਵਾਲੀ ਸੁੰਡੀ ਪੱਤੇ ਨੂੰ ਕਿਨਾਰਿਆਂ ਤੋਂ ਅੰਦਰ ਵੱਲ ਖਾਂਦੀ ਹੈ ਅਤੇ ਪੱਤੇ ਦੀ ਮੁੱਖ ਨਾੜ ਨੂੰ ਛੱਡ ਕੇ ਸਾਰਾ ਪੱਤਾ ਹੀ ਖਾ ਜਾਂਦੀ ਹੈ। ਪੰਜਾਬ ਵਿਚ ਇਸ ਕੀੜੇ ਦਾ ਹਮਲਾ ਅਕਤੂਬਰ ਤੋਂ ਲੈ ਕੇ ਅਪ੍ਰੈਲ ਤੱਕ ਰਹਿੰਦਾ ਹੈ।

**ਰੋਕਥਾਮ** : ਅੰਡਿਆਂ ਅਤੇ ਸੁੰਡੀਆਂ ਨੂੰ ਹੱਥਾਂ ਨਾਲ ਫੜ ਕੇ ਨਸ਼ਟ ਕਰ ਦਿਉ। ਇਸ ਕੀੜੇ ਦੀ ਰੋਕਥਾਮ ਲਈ 150 ਮਿਲੀ ਲਿਟਰ ਨੋਵਾਲੂਰਾਨ 10 ਈਸੀ ਜਾਂ 200 ਮਿਲੀ ਲਿਟਰ ਇੰਡੋਕਸਾਕਾਰਬ 15.8 ਈਸੀ ਜਾਂ 250 ਮਿਲੀ ਲਿਟਰ ਸਪਾਈਨੋਸੈਡ 2.5 ਐੱਸੀ ਜਾਂ 400 ਮਿਲੀ ਲਿਟਰ ਕੁਇਨਲਫਾਸ 25 ਈ ਸੀ ਨੂੰ 80-100 ਲਿਟਰ ਪਾਣੀ ਵਿਚ ਪ੍ਰਤੀ ਏਕੜ ਦੇ ਹਿਸਾਬ ਨਾਲ ਲੈ ਕੇ ਸਪਰੇਅ ਕਰੋ।

## ਮਟਰ

### ਮਟਰਾਂ ਦਾ ਥਰਿੱਪ (ਜੂੰ)

ਇਹ ਕੀੜਾ ਰਸ ਚੂਸ ਕੇ ਫ਼ਸਲ ਦਾ ਬਹੁਤ ਨੁਕਸਾਨ ਕਰਦਾ ਹੈ।

**ਰੋਕਥਾਮ** : ਹਮਲਾ ਹੋਣ ਦੀ ਸੂਰਤ ਵਿਚ 400 ਮਿਲੀਲਿਟਰ ਰੋਗਰ 30 ਈਸੀ (ਡਾਈਮੈਥੋਏਟ) ਨੂੰ 80-100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। ਲੋੜ ਪੈਣ ਤੇ ਇਕ ਛਿੜਕਾਅ 15 ਦਿਨਾਂ ਪਿੱਛੋਂ ਹੋਰ ਕਰੋ।

### ਮਟਰ ਦੇ ਸੁਰੰਗੀ ਕੀੜੇ

ਮਟਰਾਂ ਦੇ ਸੁਰੰਗੀ ਕੀੜੇ ਦੀਆਂ ਸੁੰਡੀਆਂ ਪੱਤਿਆਂ ਵਿਚ ਸੁਰੰਗਾਂ ਬਣਾ ਲੈਂਦੀਆਂ ਹਨ ਅਤੇ ਪੱਤੇ ਨੂੰ ਅੰਦਰੋਂ ਖਾਂਦੀਆਂ ਹਨ। ਦਸੰਬਰ ਤੋਂ ਮਾਰਚ ਦੇ ਦੌਰਾਨ ਇਹ ਬਹੁਤ ਨੁਕਸਾਨ ਕਰਦੇ ਹਨ। ਇਸ ਦੀ ਰੋਕਥਾਮ ਲਈ ਵੀ ਉਹੀ ਵਿਧੀ ਅਪਣਾਉ ਜੋ ਕਿ ਥਰਿੱਪ ਦੀ ਰੋਕਥਾਮ ਵਾਸਤੇ ਦੱਸੀ ਗਈ ਹੈ।

### ਚੇਪਾ (ਤੇਲਾ)

ਚੇਪਾ ਵੀ ਰਸ ਚੂਸਦਾ ਹੈ ਜਿਸ ਕਾਰਨ ਪੱਤੇ ਪੀਲੇ ਪੈ ਜਾਂਦੇ ਹਨ। ਇਸ ਦੀ ਰੋਕਥਾਮ ਲਈ ਵੀ ਉਹੀ ਵਿਧੀ ਅਪਣਾਉ ਜੋ ਕਿ ਥਰਿੱਪ ਦੀ ਰੋਕਥਾਮ ਵਾਸਤੇ ਦੱਸੀ ਗਈ ਹੈ।

### ਮਟਰਾਂ ਦੇ ਤਣੇ ਦੀ ਮੱਖੀ

ਇਹ ਕੀੜਾ ਬੀਜ ਉੱਗਣ ਸਮੇਂ ਫ਼ਸਲ ਦਾ ਬਹੁਤ ਨੁਕਸਾਨ ਕਰਦਾ ਹੈ।

**ਰੋਕਥਾਮ** : ਬਿਜਾਈ ਸਮੇਂ ਸਿਆੜਾਂ ਵਿਚ 3 ਕਿਲੋ ਥਿਮਟ 10 ਜੀ (ਫੋਰੇਟ) ਜਾਂ 10 ਕਿਲੋ ਫਿਊਰਾਡਾਨ 3 ਜੀ (ਕਾਰਬੋਫੂਰਾਨ) ਦਾਣੇਦਾਰ ਪ੍ਰਤੀ ਏਕੜ ਸਿਆੜਾਂ ਵਿਚ ਪਾਉ। •

*ਮੋਬਾਈਲ : 81460-39400*

## ਆਲੂ



### ਤੇਲਾ ਤੇ ਚੇਪਾ

*ਤੇਲੇ ਦੇ ਹਮਲੇ ਵਾਲੇ ਪੱਤਿਆਂ ਦੀਆਂ ਠੂਠੀਆਂ ਬਣ ਜਾਂਦੀਆਂ ਹਨ ਅਤੇ ਪੱਤੇ ਪੀਲੇ ਪੈ ਕੇ ਸੁੱਕ ਜਾਂਦੇ ਹਨ। ਬੂਟੇ ਮਧਰੇ ਰਹਿ ਜਾਂਦੇ ਹਨ। ਚੇਪੇ ਦਾ ਹਮਲਾ ਫ਼ਸਲ ਦੇ ਅਖ਼ੀਰ ਵਿਚ ਹੁੰਦਾ ਹੈ। ਰਸ ਚੂਸਣ ਤੋਂ ਬਿਨਾਂ ਚੇਪਾ ਵਿਸ਼ਾਣੂ ਰੋਗ ਵੀ ਫੈਲਾਉਂਦਾ ਹੈ ਅਤੇ ਬੀਜ ਦੀ ਕੁਆਲਿਟੀ ਵੀ ਘਟਾਉਂਦਾ ਹੈ।*

**ਰੋਕਥਾਮ**

ਇਸ ਦੀ ਰੋਕਥਾਮ ਲਈ ਲੋੜ ਅਨੁਸਾਰ ਫ਼ਸਲ ਤੇ 10 ਦਿਨ ਦੇ ਫਰਕ ਨਾਲ 300 ਮਿਲੀਲਿਟਰ ਰੋਗਰ 30 ਈਸੀ (ਡਾਈਮੈਥੋਏਟ) ਜਾਂ ਮੈਟਾਸਿਸਟਾਕਸ 25 ਈਸੀ (ਔਕਸੀਡੈਮੇਟੋਨ ਮੀਥਾਈਲ) ਨੂੰ 80-100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। ਬੀਜ ਵਾਲੀ ਫ਼ਸਲ ਲਈ 5 ਕਿਲੋ ਥਿਮਟ 10 ਜੀ (ਫੋਰੇਟ) ਪ੍ਰਤੀ ਏਕੜ ਫ਼ਸਲ ਨੂੰ ਮਿੱਟੀ ਚਾੜ੍ਹਨ ਸਮੇਂ ਪਾ ਦਿਉ।

### ਕੁਤਰਾ ਸੁੰਡੀ (ਚੋਰ ਸੁੰਡੀ)

*ਇਹ ਸੁੰਡੀ ਫ਼ਰਵਰੀ ਤੋਂ ਮਾਰਚ ਦੌਰਾਨ ਪੌਦਿਆਂ ਦਾ ਬਹੁਤ ਨੁਕਸਾਨ ਕਰਦੀ ਹੈ ਅਤੇ ਛੋਟੇ ਪੌਦਿਆਂ ਨੂੰ ਜ਼ਮੀਨ ਦੀ ਪੱਧਰ ਤੋਂ ਕੱਟ ਦਿੰਦੀ ਹੈ ਅਤੇ ਬਾਅਦ ਵਿਚ ਆਲੂਆਂ ਵਿਚ ਖੋਡਾਂ ਪਾ ਦਿੰਦੀ ਹੈ।*


**ਰੋਕਥਾਮ**

ਇਸ ਦੀ ਰੋਕਥਾਮ ਲਈ ਇਕ ਲਿਟਰ ਕਲੋਰਪਾਈਰੀਫ਼ਾਸ 20 ਈਸੀ ਪ੍ਰਤੀ ਏਕੜ 400 ਲਿਟਰ ਪਾਣੀ ਮਿਲਾ ਕੇ ਪੌਦਿਆਂ ਦੇ ਆਲੇ-ਦੁਆਲੇ ਵੱਟਾਂ ਉਤੇ ਛਿੜਕੋ।

---

*ਕਿਸਾਨ ਵੀਰ ਖ਼ੁਦ ਹੀ ਜੜ੍ਹਾਂ ਵਾਲੀਆਂ ਸਬਜ਼ੀਆਂ ਦੇ ਬੀਜਾਂ ਦਾ ਉਤਪਾਦਨ ਆਪਣੇ ਖੇਤਾਂ ਵਿਚ ਕਰ ਸਕਦੇ ਹਨ। ਇਸ ਲਈ ਕੁਝ ਜ਼ਰੂਰਤੀ ਗੱਲਾਂ ਨੂੰ ਧਿਆਨ ਵਿਚ ਰੱਖਿਆ ਜਾਵੇ ਤਾਂ ਕਿ ਵਧੀਆ ਕਿਸਮ ਦੇ ਬੀਜ ਪ੍ਰਾਪਤ ਕੀਤੇ ਜਾ ਸਕਣ। ਵਧੀਆ ਤੇ ਸੋਧੀਆਂ ਕਿਸਮਾਂ ਦੇ ਬੀਜਾਂ ਨੂੰ ਹੀ ਬਾਜ਼ਾਰ 'ਚ ਉੱਚੀ ਕੀਮਤ 'ਤੇ ਵੇਚਿਆ ਜਾ ਸਕਦਾ ਹੈ...*

# ਜੜ੍ਹਾਂ ਵਾਲੀਆਂ ਸਬਜ਼ੀਆਂ ਦੇ ਬੀਜ ਉਤਪਾਦਨ







• ਰਾਜਿੰਦਰ ਸਿੰਘ, ਰਵਿੰਦਰ ਕੌਰ ਅਤੇ ਦਿਲਬਾਗ ਸਿੰਘ

ਗਾਜਰ, ਮੂਲੀ ਅਤੇ ਸ਼ਲਗਮ ਮੁੱਖ ਰੂਪ ਵਿਚ ਜੜ੍ਹਾਂ ਵਾਲੀਆਂ ਸਬਜ਼ੀਆਂ ਹਨ। ਇਨ੍ਹਾਂ ਨੂੰ ਸਲਾਦ ਅਤੇ ਸਬਜ਼ੀ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਇਨ੍ਹਾਂ ਜੜ੍ਹਾਂ ਵਾਲੀਆਂ ਸਬਜ਼ੀਆਂ ਵਿਚ ਘੱਟ ਅਤੇ ਵਧ ਤਾਪਮਾਨ ਬਰਦਾਸ਼ਤ ਕਰਨ ਲਈ ਅਲੱਗ-ਅਲੱਗ ਕਿਸਮਾਂ ਵਿਕਸਿਤ ਕੀਤੀਆਂ ਗਈਆਂ ਹਨ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਮੌਸਮ ਦੇ ਮੁਤਾਬਿਕ ਹੀ ਕਿਸਮਾਂ ਬੀਜੀਆਂ ਜਾਣ। ਵਧੀਆ ਕਿਸਮ ਦੇ ਸਬਜ਼ੀ ਉਤਪਾਦਨ ਲਈ ਚੰਗੀ ਕਿਸਮ ਦਾ ਬੀਜ ਅਤੇ ਸਹੀ ਸਮੇਂ 'ਤੇ ਮਿਲਣਾ ਮੁੱਖ ਲੋੜ ਹੈ।

ਪੰਜਾਬ ਦੇ ਹਾਲਾਤ ਅਨੁਸਾਰ ਜੜ੍ਹਾਂ ਵਾਲੀਆਂ ਸਬਜ਼ੀਆਂ ਵਿਚ ਠੰਢੇ ਮੌਸਮ ਵਾਲੀਆਂ ਕਿਸਮਾਂ ਦਾ ਬੀਜ ਉਤਪਾਦਨ ਨਹੀਂ ਹੋ ਸਕਦਾ। ਪੰਜਾਬ ਐਗਰੀ ਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਜੜ੍ਹਾਂ ਵਾਲੀਆਂ ਸਬਜ਼ੀਆਂ ਵਿਚ ਦੇਸੀ ਕਿਸਮਾਂ ਵਿਕਸਿਤ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਕਿਸਮਾਂ ਦਾ ਪੰਜਾਬ ਦੇ ਹਾਲਾਤ ਅਨੁਸਾਰ ਬੀਜ ਉਤਪਾਦਨ ਹੋ ਸਕਦਾ ਹੈ।

ਕਿਸਾਨ ਵੀਰ ਖ਼ੁਦ ਹੀ ਜੜ੍ਹਾਂ ਵਾਲੀਆਂ ਸਬਜ਼ੀਆਂ ਦਾ ਬੀਜ ਉਤਪਾਦਨ ਆਪਣੇ ਖੇਤਾਂ ਵਿਚ ਕਰ ਸਕਦੇ ਹਨ, ਜ਼ਰੂਰਤ ਹੈ ਕੁਝ ਖ਼ਾਸ ਗੱਲਾਂ ਨੂੰ ਧਿਆਨ ਵਿਚ ਰੱਖਿਆ ਜਾਵੇ ਤਾਂ ਕਿ ਵਧੀਆ ਕਿਸਮ ਦੀਆਂ ਜੜ੍ਹਾਂ ਅਤੇ ਬੀਜ ਪ੍ਰਾਪਤ ਕੀਤਾ ਜਾ ਸਕੇ।

### ਬੀਜਾਂ ਦਾ ਸਰੋਤ

ਵਪਾਰ ਲਈ ਉਗਾਈਆਂ ਜਾਣ ਵਾਲੀਆਂ ਸਬਜ਼ੀ ਦੀ ਸਿਫ਼ਾਰਸ਼ਾਂ ਹੀ ਬੀਜ ਬਣਾਉਣ ਲਈ ਕੀਤੀ ਜਾਂਦੀ ਹੈ। ਇਸ ਲਈ ਬੀਜ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਜਾਂ ਪੰਜਾਬ ਰਾਜ ਬੀਜ ਸਰਟੀਫਿਕੇਸ਼ਨ ਅਥਾਰਟੀ ਦੁਆਰਾ ਪ੍ਰਵਾਨ ਕੀਤੇ ਭਰੋਸੇਯੋਗ ਵਸੀਲਿਆਂ ਤੋਂ ਹਾਸਲ ਕਰਨੇ ਚਾਹੀਦਾ ਹਨ। ਇਨ੍ਹਾਂ ਬੀਜਾਂ ਰਾਹੀਂ ਕਿਸਾਨ ਵਧ ਉਤਪਾਦਨ ਕਰ ਕੇ ਜ਼ਿਆਦਾ ਮੁਨਾਫ਼ਾ ਕਮਾ ਸਕਦੇ ਹਨ।

### ਬੀਜ ਦੀ ਮਾਤਰਾ ਤੇ ਬਿਜਾਈ ਦਾ ਢੰਗ

ਵਧੀਆ ਕਿਸਮ ਦੀ ਜੜ੍ਹ ਲੈਣ ਲਈ ਗਾਜਰ ਤੇ ਮੂਲੀ ਲਈ ਬੀਜ ਦੀ ਮਾਤਰਾ 4-5 ਕਿਲੋ ਤੇ ਸ਼ਲਗਮ ਲਈ 2 ਕਿਲੋ ਪ੍ਰਤੀ ਏਕੜ ਕਾਫ਼ੀ ਹੈ। ਗਾਜਰ ਤੇ ਮੂਲੀਆਂ ਦੀ ਬਿਜਾਈ ਵੱਟਾਂ 'ਤੇ ਕਰਨੀ ਚਾਹੀਦੀ ਹੈ। ਕਤਾਰਾਂ ਦਾ ਫ਼ਾਸਲਾ 45 ਸੈਂਟੀਮੀਟਰ ਤੇ ਬੂਟਿਆਂ ਵਿਚਕਾਰ ਫ਼ਾਸਲਾ 7.5 ਸੈਂਟੀਮੀਟਰ ਰੱਖਣਾ ਚਾਹੀਦਾ ਹੈ।

### ਖਾਦਾਂ

15 ਟਨ ਗਲੀ-ਸੜੀ ਦੇਸੀ ਖਾਦ, 25 ਕਿਲੋ ਨਾਈਟ੍ਰੋਜਨ (55 ਕਿਲੋ ਯੂਰੀਆ), 12 ਕਿਲੋ ਫਾਸਫੋਰਸ (75 ਕਿਲੋ ਸਿੰਗਲ ਸੁਪਰ ਫਾਸਫੇਟ) ਬਿਜਾਈ ਦੇ ਸਮੇਂ ਪਾਓ। ਗਾਜਰ ਦੀ ਵਧੀਆ ਜੜ ਬਣਾਉਣ ਲਈ 30 ਕਿਲੋ ਪੋਟਾਸ਼ (50 ਕਿਲੋ ਮਿਊਰੇਟ ਆਫ਼ ਪੋਟਾਸ਼) ਹੋਰ ਪਾਓ।

### ਨਦੀਨਾਂ ਦੀ ਰੋਕਥਾਮ ਅਤੇ ਮਿੱਟੀ ਚੜ੍ਹਾਉਣੀ

ਮੂਲੀ ਅਤੇ ਸ਼ਲਗਮ ਵਿਚ ਬਿਜਾਈ ਤੋਂ 15-20 ਦਿਨ ਬਾਅਦ ਗੋਡੀ ਕਰਨੀ ਚਾਹੀਦੀ ਹੈ। ਗਾਜਰ ਸ਼ੁਰੂਆਤ ਵਿਚ ਬਹੁਤ ਹੌਲੀ ਵਧਦੀ ਹੈ ਅਤੇ ਨਦੀਨਾਂ ਨਾਲ ਮੁਕਾਬਲਾ ਨਹੀਂ ਕਰ ਸਕਦੀ। ਇਸ ਲਈ ਗਾਜਰ ਨੂੰ 2-3 ਗੋਡੀਆਂ ਦੀ ਜ਼ਰੂਰਤ ਹੁੰਦੀ ਹੈ। ਗੋਡੀ ਤੋਂ ਤੁਰੰਤ ਬਾਅਦ ਮਿੱਟੀ ਚੜ੍ਹਾਉਣੀ ਚਾਹੀਦੀ ਹੈ।

### ਪਾਣੀ

ਪਹਿਲਾ ਪਾਣੀ ਬਿਜਾਈ ਤੋਂ ਫੌਰਨ ਬਾਅਦ ਲਗਾਓ। ਗਰਮੀਆਂ ਵਿਚ ਪਾਣੀ 6-7 ਦਿਨ ਅਤੇ ਸਰਦੀਆਂ ਵਿਚ 12-15 ਦਿਨ ਦੇ ਵਕਫ਼ੇ 'ਤੇ ਲਗਾਓ। ਗਾਜਰਾਂ ਦੀ ਜੜ੍ਹ ਵਿਕਸਿਤ ਹੋਣ ਸਮੇਂ ਪਾਣੀ ਦੀ ਜ਼ਰੂਰਤ ਘੱਟ ਹੁੰਦੀ ਹੈ। ਵਧ ਪਾਣੀ ਨਾਲ ਜੜ੍ਹਾਂ ਦੁਸਾਂਗੜਾ ਤੇ ਬੇਢੰਗੀਆਂ ਹੋ ਜਾਂਦੀਆਂ ਹਨ।

### ਪੁਟਾਈ

ਡੱਕ ਬਣਾਉਣ ਲਈ ਮੂਲੀ ਅਤੇ ਸ਼ਲਗਮ ਨੂੰ ਬਿਜਾਈ ਤੋਂ ਲਗਪਗ 55-60 ਦਿਨਾਂ ਬਾਅਦ ਅਤੇ ਗਾਜਰ ਨੂੰ 90 ਦਿਨ ਬਾਅਦ ਪੁੱਟਣਾ ਚਾਹੀਦਾ ਹੈ।

### ਜੜ੍ਹਾਂ ਤੋਂ ਬੀਜ ਤਿਆਰ ਕਰਨ ਲਈ ਖੇਤ ਦੀ ਚੋਣ

ਜੜ੍ਹਾਂ ਵਾਲੀਆਂ ਸਬਜ਼ੀਆਂ ਦਾ ਬੀਜ ਤਿਆਰ ਕਰਨ ਲਈ ਜੋ ਖੇਤ ਵਰਤਣਾ ਹੋਵੇ ਉਸ ਖੇਤ ਵਿਚ ਅਣਚਾਹੇ ਪੌਦੇ ਨਹੀਂ ਹੋਣੇ ਚਾਹੀਦੇ। ਇਸ ਬੀਜ ਦੇ ਖੇਤ ਦੂਜੀਆਂ ਕਿਸਮਾਂ ਦੇ ਖੇਤਾਂ ਨਾਲੋਂ ਜਾਂ ਕਿਸੇ ਹੋਰ ਕਿਸਮ ਜੋ ਸ਼ੁੱਧਤਾ ਦੀ ਕਸੌਟੀ 'ਤੇ ਖਰੀ ਨਾ ਉਤਰਦੀ ਹੋਵੇ ਤੋਂ ਮੂਲੀ ਅਤੇ ਸ਼ਲਗਮ ਲਈ 1600 ਮੀਟਰ (ਫਾਊਂਡੇਸ਼ਨ) 1000 ਮੀਟਰ (ਸਰਟੀਫਾਈਡ) ਅਤੇ ਗਾਜਰ ਲਈ 1000 ਮੀਟਰ (ਫਾਊਂਡੇਸ਼ਨ) ਅਤੇ 8000 (ਸਰਟੀਫਾਈਡ) ਮੀਟਰ ਦੀ ਦੂਰੀ 'ਤੇ ਹੋਣਾ ਚਾਹੀਦਾ ਹੈ। ਸ਼ਲਗਮ ਦਾ ਬੀਜ ਪੈਦਾ ਕਰਨ ਵਾਲਾ ਖੇਤ ਦੂਜੀਆਂ ਕਿਸਮਾਂ ਦੇ ਨਾਲ-ਨਾਲ ਚੀਨੀ ਸਰ੍ਹੋਂ, ਪੀਲੀ ਸਰ੍ਹੋਂ, ਰਾਇਆ ਦੇ ਬੀਜ ਵਾਲੇ ਖੇਤ ਤੋਂ ਵੀ ਨਿਵੇਕਲਾ ਹੋਣਾ ਚਾਹੀਦਾ ਹੈ।

### ਡੱਕਾਂ ਦੀ ਚੋਣ

ਜਦੋਂ ਜੜ੍ਹਾਂ ਪੂਰੀ ਤਰ੍ਹਾਂ ਬਣ ਜਾਣ, ਵਧੀਆ ਕਿਸਮ ਦੀਆਂ ਜੜ੍ਹਾਂ ਦਾ ਰੰਗ, ਆਕਾਰ, ਬਣਤਰ ਅੰਦਰਲੀ ਕੋਰ ਦਾ ਆਕਾਰ ਅਤੇ ਰੰਗ ਆਦਿ ਦਾ ਧਿਆਨ ਰੱਖਿਆ ਜਾਂਦਾ ਹੈ।

### ਡੱਕ ਬਣਾਉਣ ਅਤੇ ਲਗਾਉਣ ਦਾ ਤਰੀਕਾ

ਡੱਕ ਵਾਸਤੇ ਮੂਲੀ ਤੇ ਗਾਜਰ ਜੜ੍ਹਾਂ ਦੀ ਤਿੰਨ ਚੌਥਾਈ ਲੰਬਾਈ ਤੇ ਕੱਟੋ ਅਤੇ ਇਕ ਤਿਹਾਈ ਪੱਤਿਆਂ ਨੂੰ ਕੱਟੋ ਤਾਂ ਕਿ ਬੀਜ ਫ਼ਸਲ ਦਾ ਵਾਧਾ ਜਲਦੀ ਹੋਵੇ ਤੇ ਬੀਜ ਵਾਲੀਆਂ ਸ਼ਾਖਾਂ ਜਲਦੀ ਨਿਕਲਣ। ਸ਼ਲਗਮਾਂ ਲਈ 5 ਸੈ. ਮੀ. ਵਿਆਸ ਤੋਂ ਵਧ ਵਾਲੇ ਸ਼ਲਗਮ ਲਗਾਓ। ਮੂਲੀ, ਗਾਜਰ ਅਤੇ ਸ਼ਲਗਮਾਂ ਦੀਆਂ ਡੱਕਾਂ ਨੂੰ 60-22 ਸੈਂਟੀਮੀਟਰ, 45-30 ਸੈਂਟੀਮੀਟਰ ਅਤੇ 45-15 ਸੈਂਟੀਮੀਟਰ ਕਰਮਵਾਰ ਦੀ ਦੂਰੀ ਤੇ ਖੇਤ ਵਿਚ ਬੀਜ ਦੀ ਪੈਦਾਵਾਰ ਵਾਸਤੇ ਲਾ ਦਿਉ। 30 ਕਿਲੋ ਨਾਈਟ੍ਰੋਜਨ (65 ਕਿਲੋ ਯੂਰੀਆ), 12 ਕਿਲੋ ਫਾਸਫੋਰਸ (50 ਕਿਲੋ ਸਿੰਗਲ ਸੁਪਰਫਾਸਫੇਟ) ਪ੍ਰਤੀ ਏਕੜ ਪਾਓ। ਸਾਰੀ ਫਾਸਫੋਰਸ ਅਤੇ ਅੱਧੀ ਨਾਈਟ੍ਰੋਜਨ ਡੱਕ ਲਗਾਉਣ ਦੇ ਸਮੇਂ ਅਤੇ ਬਾਕੀ ਨਾਈਟ੍ਰੋਜਨ ਡੱਕ ਲਗਾਉਣ ਤੋਂ 30 ਦਿਨ ਬਾਅਦ ਪਾ ਦਿਉ।

### ਕਟਾਈ

ਮੂਲੀ ਅਤੇ ਸ਼ਲਗਮ ਦੀ ਕਟਾਈ ਉਦੋਂ ਕਰੋ ਜਦ ਫਲੀ ਦਾ ਰੰਗ ਲਾਲ, ਭੂਰਾ ਹੋ ਜਾਵੇ। ਗਾਜਰ ਦਾ ਬੀਜ ਇਕਸਾਰ ਨਹੀਂ ਪੱਕਦਾ। ਇਸ ਲਈ ਜਦ ਮੁੱਖ ਅਤੇ ਪਹਿਲੀ ਲੜੀ ਦੇ ਬੀਜ ਪੱਕ ਜਾਣ ਤਾਂ ਕਟਾਈ ਕਰ ਲੈਣੀ ਚਾਹੀਦੀ ਹੈ। ਕਟਾਈ ਕਰਨ ਤੋਂ ਬਾਅਦ ਬੂਟਿਆਂ ਨੂੰ ਕੁਝ ਦਿਨਾਂ ਲਈ ਛਾਂ ਹੇਠਾਂ ਸੁਕਾ ਕੇ ਬੀਜ ਕੱਢ ਲਓ। ਪੈਕਿੰਗ ਕਰਨ ਤੋਂ ਪਹਿਲਾਂ ਬੀਜ ਨੂੰ ਚੰਗੀ ਤਰ੍ਹਾਂ ਸਾਫ਼ ਤੇ ਸੁਕਾ ਲੈਣਾ ਚਾਹੀਦਾ ਹੈ। ਇਨ੍ਹਾਂ ਨੁਕਤਿਆਂ ਨੂੰ ਧਿਆਨ ਵਿਚ ਰੱਖ ਕੇ ਕਿਸਾਨ ਵੀਰ ਆਸਾਨੀ ਨਾਲ ਸ਼ੁੱਧ ਅਤੇ ਉਚ-ਗੁਣਵੱਤਾ ਵਾਲਾ ਬੀਜ ਆਪਣੇ ਖੇਤ ਵਿਚ ਤਿਆਰ ਕਰ ਸਕਦੇ ਹਨ। •

# ਬੈਂਕ ਸਵੈ ਸਹਾਇਤਾ ਗਰੁੱਪਾਂ ਨੂੰ ਕਰਜ਼ਾ ਦੇਣ ਸਮੇਂ ਸੰਵੇਦਨਸ਼ੀਲ ਰਵੱਈਆ ਅਪਣਾਉਣ : ਡਿਪਟੀ ਕਮਿਸ਼ਨਰ

**➢ ਆਮ ਲੋਕਾਂ ਨੂੰ ਸਾਈਬਰ ਠੱਗੀ ਸਬੰਧੀ ਵੀ ਕੀਤਾ ਜਾਵੇ ਜਾਗਰੂਕ ➢ ਨਬਾਰਡ ਵੱਲੋਂ ਪਟਿਆਲਾ ਜ਼ਿਲ੍ਹੇ ਦੇ ਤਰਜੀਹੀ ਖੇਤਰ ਲਈ ਸਾਲਾਨਾ ਕਰਜ਼ ਯੋਜਨਾ ਜਾਰੀ ➢ਬੈਂਕਿੰਗ ਅਧਿਕਾਰੀ ਲੋਕ ਭਲਾਈ ਸਕੀਮਾਂ ਦਾ ਲਾਭ ਵੱਧ ਤੋਂ ਵੱਧ ਲੋਕਾਂ ਤੱਕ ਪੁੱਜਦਾ ਕਰਨ 'ਚ ਅਹਿਮ ਭੂਮਿਕਾ ਨਿਭਾਉਣ : ਸਾਕਸ਼ੀ ਸਾਹਨੀ**

ਪਟਿਆਲਾ,
-ਰੋਜ਼ਾਨਾ ਸਵੇਰਾ-

ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਕਿਹਾ ਕਿ ਬੈਂਕ ਸਵੈ ਸਹਾਇਤਾ ਗਰੁੱਪਾਂ ਵੱਲੋਂ ਲਏ ਜਾਂਦੇ ਕਰਜ਼ੇ ਸਮੇਂ ਸੰਵੇਦਨਸ਼ੀਲ ਰਵੱਈਆ ਅਪਣਾਉਣ ਤੇ ਲੋਨ ਪ੍ਰਕਿਰਿਆ ਨੂੰ ਸਰਲ ਰੱਖਣ ਤਾਂ ਜੋ ਪਿੰਡਾਂ ਦੀਆਂ ਔਰਤਾਂ ਨੂੰ ਆਪਣਾ ਕੰਮ ਸ਼ੁਰੂ ਕਰਨ ਵਿਚ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਹ ਅੱਜ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਲੀਡ ਬੈਂਕ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਬੈਂਕਾਂ ਦੀ ਸਲਾਹਕਾਰ ਕਮੇਟੀ ਦੀ ਕਰਵਾਈ ਗਈ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਈਸ਼ਾ ਸਿੰਘਲ ਤੇ ਐਸ.ਪੀ. (ਐਚ) ਹਰਵੰਤ ਕੌਰ ਵੀ ਮੌਜੂਦ ਸਨ।

ਸਾਕਸ਼ੀ ਸਾਹਨੀ ਨੇ ਬੈਂਕਾਂ ਅਤੇ ਕਿੱਤਾ ਮੁਖੀ ਕੋਰਸ ਕਰਵਾਉਣ ਵਾਲੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਲੋਨ ਮੇਲਿਆਂ ਦੌਰਾਨ ਵੱਖ ਵੱਖ ਸਕੀਮਾਂ ਸਬੰਧੀ ਜਾਣਕਾਰੀ ਦੇਣ ਦੇ ਨਾਲ ਨਾਲ ਆਮ ਲੋਕਾਂ ਨੂੰ ਸਾਈਬਰ ਠੱਗੀ ਸਬੰਧੀ ਵੀ ਜਾਗਰੂਕ ਕੀਤਾ ਜਾਵੇ, ਤਾਂ ਜੋ ਉਹ ਸਾਈਬਰ ਠੱਗਾਂ ਵੱਲੋਂ ਵਰਤੇ ਜਾਂਦੇ ਨਵੇਂ ਨਵੇਂ ਢੰਗਾਂ ਸਬੰਧੀ ਸੁਚੇਤ ਹੋ ਸਕਣ। ਉਨ੍ਹਾਂ ਕਿਹਾ ਕਿ ਲੋਕ ਭਲਾਈ ਸਕੀਮਾਂ ਦਾ ਲਾਭ ਵੱਧ ਤੋਂ ਵੱਧ ਲੋਕਾਂ ਤੱਕ ਪੁੱਜਦਾ ਕਰਨ ਲਈ ਬੈਂਕਿੰਗ ਅਧਿਕਾਰੀ ਆਪਣੀ ਭੂਮਿਕਾ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ।

ਮੀਟਿੰਗ ਦੌਰਾਨ ਐਸ.ਪੀ. (ਐਚ) ਹਰਵੰਤ ਕੌਰ ਨੇ ਬੈਂਕਾਂ ਦੀ ਸੁਰੱਖਿਆ ਸਬੰਧੀ ਸੁਝਾਅ ਦਿੰਦਿਆਂ ਕਿਹਾ ਕਿ ਬੈਂਕਾਂ ਦੀਆਂ ਸਮੂਹ ਬ੍ਰਾਂਚਾਂ ਤੇ ਏ.ਟੀ.ਐਮ 'ਚ ਸੀ.ਸੀ.ਟੀ.ਵੀ ਕੈਮਰੇ ਚਾਲੂ ਹਾਲਤ 'ਚ ਹੋਣੇ ਯਕੀਨੀ ਬਣਾਏ ਜਾਣ ਅਤੇ ਬੈਂਕ ਵਿੱਚ ਰੱਖੇ ਜਾਂਦੇ ਕਰਮਚਾਰੀ ਦੀ ਪੁਲਿਸ ਵੈਰੀਫਿਕੇਸ਼ਨ ਕਰਵਾਉਣੀ ਵੀ ਲਾਜ਼ਮੀ ਕੀਤੀ ਜਾਵੇ। ਲੀਡ ਬੈਂਕ ਐਸ.ਬੀ.ਆਈ. ਦੇ ਚੀਫ਼ ਮੈਨੇਜਰ ਦਵਿੰਦਰ ਸ਼ਰਮਾ ਨੇ ਇਸ ਮੀਟਿੰਗ ਦੀ ਕਾਰਵਾਈ ਚਲਾਉਂਦਿਆਂ ਬੈਂਕਾਂ ਦੀ ਕਾਰਵਾਈ ਬਾਬਤ ਜਾਣਕਾਰੀ ਦਿੱਤੀ। ਇਸ ਮੌਕੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ (ਨਬਾਰਡ) ਵੱਲੋਂ ਪਟਿਆਲਾ ਜ਼ਿਲ੍ਹੇ ਲਈ ਬਣਾਈ ਸਾਲ 2023-24 ਲਈ ਤਰਜੀਹੀ ਖੇਤਰ ਲਈ ਸੰਭਾਵਤ ਸਾਲਾਨਾ ਕਰਜ਼ ਯੋਜਨਾ ਜਾਰੀ ਕੀਤੀ।

ਇਸ ਮੌਕੇ ਰਿਜ਼ਰਵ ਬੈਂਕ ਆਫ਼ ਇੰਡੀਆ ਤੋਂ ਗਰੀਮਾ, ਨਬਾਰਡ ਤੋਂ ਗੁਰਪ੍ਰੀਤ ਸਿੰਘ, ਆਰਸੇਟੀ ਦੇ ਡਾਇਰੈਕਟਰ ਰਾਜੀਵ ਸਰਹਿੰਦੀ, ਵੱਖ-ਵੱਖ ਬੈਂਕਾਂ ਦੇ ਅਧਿਕਾਰੀਆਂ ਸਮੇਤ ਕਈ ਸਰਕਾਰੀ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।


ਲੀਡ ਬੈਂਕ ਵੱਲੋਂ ਕਰਵਾਈ ਗਈ ਸਮੂਹ ਬੈਂਕਾਂ ਦੀ ਮੀਟਿੰਗ ਦੀ ਦੌਰਾਨ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਸਾਲਾਨਾ ਕਰਜ਼ ਯੋਜਨਾ ਦਾ ਕਿਤਾਬਚਾ ਜਾਰੀ ਕਰਦੇ ਹੋਏ।

# 18 ਸਾਲ ਦੇ ਨਵੇਂ ਵੋਟਰਾਂ ਦੀ ਵੋਟ ਬਨਵਾਉਣ ਸਬੰਧੀ ਸਕੂਲਾਂ ਅਤੇ ਕਾਲਜਾਂ ਦੇ ਨੋਡਲ ਅਫ਼ਸਰਾਂ ਨਾਲ ਜ਼ਿਲ੍ਹਾ ਸਵੀਪ ਟੀਮ ਵੱਲੋਂ ਮੀਟਿੰਗ

**100 ਫ਼ੀਸਦੀ ਯੋਗ ਨੌਜਵਾਨ ਵੋਟਰਾਂ ਦਾ ਪੰਜੀਕਰਨ ਕਰਨਾ ਮੁੱਖ ਟੀਚਾ : ਗੁਰਪ੍ਰੀਤ ਸਿੰਘ ਥਿੰਦ**



ਪਟਿਆਲਾ,
-ਰੋਜ਼ਾਨਾ ਸਵੇਰਾ-

ਪਟਿਆਲਾ ਜ਼ਿਲ੍ਹੇ ਵਿਚ ਚੱਲ ਰਹੀ ਵਿਸ਼ੇਸ਼ ਸਰਸਰੀ ਸੁਧਾਈ 2022 ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਸਵੀਪ ਸੈੱਲ ਵੱਲੋਂ ਵਧੀਕ ਡਿਪਟੀ ਕਮਿਸ਼ਨਰ - ਕਮ- ਵਧੀਕ ਜ਼ਿਲ੍ਹਾ ਚੋਣ ਅਫ਼ਸਰ ਗੁਰਪ੍ਰੀਤ ਸਿੰਘ ਥਿੰਦ ਦੀ ਅਗਵਾਈ ਵਿੱਚ ਸਕੂਲਾਂ ਤੇ ਕਾਲਜਾਂ ਦੇ ਸਵੀਪ ਨੋਡਲ ਅਫ਼ਸਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਗੁਰਪ੍ਰੀਤ ਸਿੰਘ ਥਿੰਦ ਨੇ ਕਿਹਾ ਕਿ ਨੌਜਵਾਨਾਂ ਦੀ ਵੋਟਾਂ ਦੌਰਾਨ 100 ਫ਼ੀਸਦੀ ਭਾਗੀਦਾਰੀ ਯਕੀਨੀ ਬਣਾਉਣ ਲਈ 18 ਸਾਲ ਦੀ ਉਮਰ ਦੇ ਹਰੇਕ ਨੌਜਵਾਨ ਦੀ ਵੋਟ ਬਣਾਉਣ ਲਈ ਸਕੂਲਾਂ ਤੇ ਕਾਲਜਾਂ ਵਿਚ ਮੁਹਿੰਮ ਚਲਾਈ ਜਾਵੇ ਤਾਂ ਜੋ ਜ਼ਿਲ੍ਹੇ ਵਿਚ 100 ਫ਼ੀਸਦੀ ਯੋਗ ਨੌਜਵਾਨ ਵੋਟਰਾਂ ਦਾ ਪੰਜੀਕਰਨ ਦਾ ਟੀਚਾ ਪੂਰਾ ਕੀਤਾ ਜਾ ਸਕੇ। ਇਸ ਮੌਕੇ ਜ਼ਿਲ੍ਹਾ ਨੋਡਲ ਅਫ਼ਸਰ ਸਵੀਪ ਪ੍ਰੋ. ਗੁਰਬਖਸ਼ੀਸ਼ ਸਿੰਘ ਅੰਟਾਲ ਨੇ ਦੱਸਿਆ ਕਿ ਵਿਸ਼ੇਸ਼ ਸਰਸਰੀ ਸੁਧਾਈ ਦੌਰਾਨ ਵਿਸ਼ੇਸ਼ ਕੈਂਪ ਜੋ ਕਿ 19-20 ਨਵੰਬਰ ਅਤੇ 3-4 ਦਸੰਬਰ ਨੂੰ ਲਾਏ ਗਏ ਵਿਚ ਨਵੀਂਆਂ ਵੋਟਾਂ ਲਈ 8998 ਫਾਰਮ ਪ੍ਰਾਪਤ ਹੋਏ ਹਨ ਅਤੇ ਆਧਾਰ ਕਾਰਡ ਨਾਲ ਵੋਟਰ ਕਾਰਡ ਨੂੰ ਲਿੰਕ ਕਰਨ ਲਈ 33879 ਫਾਰਮ ਭਰੇ ਗਏ। ਪ੍ਰੋ. ਅੰਟਾਲ ਨੇ ਦੱਸਿਆ ਕਿ ਹੁਣ ਤੱਕ ਜ਼ਿਲ੍ਹੇ ਵਿੱਚ 70.49 ਫ਼ੀਸਦੀ ਵੋਟਰ ਕਾਰਡ ਅਧਾਰ ਨਾਲ ਲਿੰਕ ਕੀਤੇ ਜਾ ਚੁੱਕੇ ਹਨ। ਉਹਨਾਂ ਦੱਸਿਆ ਕਿ ਵੋਟਰ ਜਾਗਰੂਕਤਾ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕਾਲਜਾਂ ਅਤੇ ਸਕੂਲਾਂ ਵਿਚ 222 ਸਵੀਪ ਨੋਡਲ ਅਫ਼ਸਰ ਅਤੇ 444 ਕੈਂਪਸ ਅੰਬੇ ਡਰ ਨਿਯੁਕਤ ਕੀਤੇ ਗਏ ਹਨ। ਅਤੇ ਹਰ ਇਕ ਅਸੈਂਬਲੀ ਹਲਕੇ ਦਾ ਇੱਕ ਨੋਡਲ ਅਫ਼ਸਰ ਸਵੀਪ ਨਿਯੁਕਤ ਕੀਤਾ ਗਿਆ ਹੈ। ਜ਼ਿਲ੍ਹੇ ਦੀਆਂ ਸਮੂਹ ਯੂਨੀਵਰਸਿਟੀਆਂ, ਕਾਲਜਾਂ ਅਤੇ ਸਕੂਲਾਂ ਵਿੱਚ ਵੋਟਰ ਸਾਖਰਤਾ ਕਲੱਬਾਂ ਦਾ ਗਠਨ ਕੀਤਾ ਗਿਆ ਹੈ। ਚੋਣ ਤਹਿਸੀਲਦਾਰ ਰਾਮ ਜੀ ਲਾਲ ਨੇ ਸਮੂਹ ਕਾਲਜਾਂ ਦੇ ਨੋਡਲ ਅਧਿਕਾਰੀਆਂ ਨੂੰ ਹਰ ਇਕ ਯੋਗ ਵੋਟਰ ਦਾ ਪੰਜੀਕਰਨ ਕਰਵਾਉਣ ਲਈ ਅਪੀਲ ਕੀਤੀ। ਅੱਜ ਦੀ ਮੀਟਿੰਗ ਦੌਰਾਨ ਹਲਕਾ ਪਟਿਆਲਾ ਦੇ ਨੋਡਲ ਅਫ਼ਸਰ ਰੁਪਿੰਦਰ ਸਿੰਘ, ਸ਼ੁਤਰਾਣਾ ਦੇ ਡਾ ਗੁਰਦੀਪ ਸਿੰਘ, ਹਲਕਾ ਪਟਿਆਲਾ ਦਿਹਾਤੀ ਦੇ ਨਰਿੰਦਰ ਸਿੰਘ ਢੀਂਡਸਾ, ਹਲਕਾ ਰਾਮਪੁਰਾ ਦੇ ਪ੍ਰੋ ਰਮਨਦੀਪ ਸਿੰਘ ਪ੍ਰੋ ਸੋਢੀ, ਹਲਕਾ ਨਾਭਾ ਦੇ ਪ੍ਰੋ ਸੰਜੀਵ ਪੁਰੀ ਹਲਕਾ ਸਮਾਣਾ ਤੋਂ ਨਛੱਤਰ ਸਿੰਘ, ਅਤੇ ਬੀ ਪੀ ਓ ਸਮਾਣਾ ਗੁਰਪ੍ਰੀਤ ਸਿੰਘ ਅਤੇ ਹਲਕਾ ਸਨੌਰ ਦੇ ਨੋਡਲ ਅਫ਼ਸਰ ਸਤਵੀਰ ਸਿੰਘ ਗਿੱਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਜ਼ਿਲ੍ਹਾ ਸਿੱਖਿਆ ਵਿਭਾਗ ਵੱਲੋਂ ਰਾਹੁਲ ਸਿੱਧੂ ਨੇ ਸ਼ਿਰਕਤ ਕੀਤੀ।

# ਪੰਜਾਬ ਨੂੰ ਦੀਵਾਲੀਏਪਣ ਵੱਲ ਧੱਕਣ ਵਿਰੁੱਧ ਕਾਂਗਰਸ ਨੇ ਆਪ ਨੂੰ ਚੇਤਾਵਨੀ ਦਿੱਤੀ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-



ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਬਿਨਾਂ ਕਿਸੇ ਵਿੱਤੀ ਪ੍ਰਬੰਧ ਤੋਂ ਲੋਕ ਲੁਭਾਵੀ ਮੁਫ਼ਤ ਦੀਆਂ ਸਹੂਲਤਾਂ ਦੇ ਕੇ ਪੰਜਾਬ ਨੂੰ ਨਾ ਪੂਰਿਆ ਜਾ ਸਕਣ ਵਾਲੇ ਵਿੱਤੀ ਦੀਵਾਲੀਏਪਣ ਵੱਲ ਧੱਕਣ ਵਿਰੁੱਧ ਚੇਤਾਵਨੀ ਦਿੱਤੀ ਹੈ।

ਇੱਥੇ ਜਾਰੀ ਇੱਕ ਬਿਆਨ ਵਿੱਚ, ਵੜਿੰਗ ਨੇ ਕਿਹਾ ਕਿ 'ਆਪ' ਸਰਕਾਰ ਦੌਰਾਨ ਪੰਜਾਬ ਨੇ ਕਰਜ਼ਾ-ਜੀਐਸਡੀਪੀ ਅਨੁਪਾਤ 53.3 ਫੀਸਦੀ ਤੱਕ ਪਹੁੰਚਣ ਦਾ ਨਾਂਹ-ਪੱਖੀ 'ਰਿਕਾਰਡ' ਬਣਾਇਆ ਹੈ।

ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਕੋਈ ਵੀ ਸੁਧਾਰ ਕਰਨ ਦੀ ਬਜਾਏ ਲਗਾਤਾਰ ਲੋਕਪ੍ਰਿਅਤਾ ਦੇ ਰਾਹ 'ਤੇ ਚੱਲ ਰਹੀ ਹੈ, ਜਿਸ ਨਾਲ ਅਰਥ ਵਿਵਸਥਾ ਦਾ ਹੋਰ ਖੂਨ ਵਹਿ ਜਾਵੇਗਾ ਅਤੇ ਪੰਜਾਬ ਪੂਰੀ ਤਰ੍ਹਾਂ ਦੀਵਾਲੀਆ ਹੋ ਜਾਵੇਗਾ।

ਵੜਿੰਗ ਨੇ 'ਆਪ' ਸਰਕਾਰ ਦੀ ਅਸਲ ਵਿੱਚ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਰਾਹਤ ਦੇਣ ਦੀ ਨੀਅਤ 'ਤੇ ਸਵਾਲ ਚੁੱਕੇ ਹਨ। ਤੁਸੀਂ ਅਜਿਹਾ ਕਰਕੇ ਲੋਕਾਂ ਨੂੰ ਧੋਖਾ ਦੇ ਰਹੇ ਹੋ, ਜਦੋਂ ਤੁਸੀਂ ਜਾਣਦੇ ਹੋ ਕਿ ਤੁਸੀਂ ਕੀਤੇ ਵਾਅਦੇ ਨੂੰ ਪੂਰਾ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸਰਕਾਰ ਆਰਥਿਕ ਬੈਕਅੱਪ ਲਈ ਕੋਈ ਰਣਨੀਤੀ ਬਣਾਏ ਬਿਨਾਂ ਮੁਫਤ ਲਾਭ ਦੇਣ ਦਾ ਕੰਮ ਕਰ ਰਹੀ ਹੈ, ਉਸ ਨਾਲ ਆਰਥਿਕਤਾ ਦਾ ਵਿਗਾੜ ਹੋਣਾ ਯਕੀਨੀ ਹੈ।

ਸੂਬਾ ਕਾਂਗਰਸ ਪ੍ਰਧਾਨ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐੱਸ.ਪੀ.ਸੀ.ਐੱਲ.) ਦੀ ਉਦਾਹਰਣ ਦਿੱਤੀ, ਜੋ ਕਿ ਭਾਰੀ ਰਿਆਇਤਾਂ ਦੇ ਬੋਝ ਹੇਠ ਦੱਬੀ ਹੋਈ ਹੈ। ਉਨ੍ਹਾਂ ਕਿਹਾ ਕਿ ਜ਼ੀਰੋ ਬਿੱਲ ਦੇ ਨਾਂ 'ਤੇ 'ਆਪ' ਪੰਜਾਬ ਨੂੰ ਦੀਵਾਲੀਏਪਣ ਵੱਲ ਧੱਕ ਰਹੀ ਹੈ। ਅਜਿਹੀਆਂ ਲੋਕ-ਲੁਭਾਊ ਸਕੀਮਾਂ ਕਦੇ ਵੀ ਸਫਲ ਨਹੀਂ ਹੋ ਸਕਦੀਆਂ, ਜਦੋਂ ਤੱਕ ਕਿ ਉਨ੍ਹਾਂ ਬਾਰੇ ਉਚਿਤ ਵਿੱਤੀ ਪ੍ਰਬੰਧ ਨਹੀਂ ਕੀਤੇ ਜਾਂਦੇ, ਜੋ ਕੰਮ ਕਰਨ ਵਿਚ ਆਪ ਅਸਫਲ ਰਹੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਇਹ ਸਕੀਮ ਨਾ ਸਿਰਫ਼ ਢਹਿ-ਢੇਰੀ ਹੋ ਜਾਵੇਗੀ, ਸਗੋਂ ਸੂਬੇ ਦੀ ਆਰਥਿਕਤਾ ਨੂੰ ਵੀ ਪੂਰੀ ਤਰ੍ਹਾਂ ਤਬਾਹ ਕਰ ਦੇਵੇਗੀ।

# ਪ੍ਰੀਨਿਵਾਰਣ ਦਿਵਸ ਬਾਬਾ ਸਾਹਿਬ ਡਾ ਅੰਬੇਦਕਰ ਜੀ ਨੂੰ ਸਰਧਾਂਜਲੀ ਭੇਂਟ




ਪਟਿਆਲਾ,
-ਰੋਜ਼ਾਨਾ ਸਵੇਰਾ-

ਨਗਰ-ਨਿਗਮ ਪਟਿਆਲਾ ਦੇ ਕਮਿਸ਼ਨਰ ਅਦਿੱਤਿਆ ਉਪਲ ਦੀ ਅਗਵਾਈ ਵਿੱਚ ਸਵੱਛਤਾ ਸਰਵੇਖਣ 2023 ਡਾ ਅੰਬੇਦਕਰ ਪਾਰਕ ਵਿੱਚ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਵਲੋ ਬੱਸ ਸਟੈਂਡ ਕੋਲ ਪਹਿਲਾ ਸਫਾਈ ਮੁਹਿੰਮ ਚਲਾਈ ਫਿਰ ਡਾ ਅੰਬੇਦਕਰ ਜੀ ਦੇ ਬੁੱਤ ਤੇ ਫੂਲਾ ਦੀ ਮਾਲਾ ਡਾ ਜਸਲੀਨ ਡਾ ਹਰਨੇਕ ਸਿੰਘ ਢੋਟ ਚਰਨਪਾਲ ਸਿੰਘ ਗੁਰਵਿੰਦਰ ਪਾਲ ਸਿੰਘ ਸੰਧੂ ਨੇ ਪਾਏ।ਭਾਰਤੀ ਲੋਕਤੰਤਰ ਸੰਸਾਰ ਦਾ ਸਭ ਤੋ ਪੁਰਾਣੀ ਵਿਵਸਤਾ ਹੈ। ਡਾ ਅੰਬੇਦਕਰ ਜੀ ਨੇ ਸਾਡਾ ਸੰਵਿਧਾਨ ਲਿਖਿਆ ਗਿਆ 26 ਨਵੰਬਰ ਨੂੰ ਸੁਸਾਇਟੀ ਵਲੋ 5 ਕਿਲੋਮੀਟਰ ਦੋੜ ਲਗਵਾਈ ਗਈ ਸੀ ਇਹ ਦੱਸਿਆ ਸੁਸਾਇਟੀ ਪ੍ਰਧਾਨ ਉਪਕਾਰ ਸਿੰਘ ਨੇ ਪੰਜਾਬ ,ਹਿਮਾਚਲ ਹਰਿਆਣਾ,ਯੂ ਪੀ ਤੋ ਵੀ ਦੋੜਾਕਾ ਨੇ ਭਾਗ ਲਿਆ। ਇਸ ਸੋਸਾਇਟੀ ਦੇ ਮੈਂਬਰ ਅਤੇ ਨਗਰ-ਨਿਗਮ ਦੇ ਮੁਲਾਜ਼ਮਾ ਨੇ ਮੋਹਿਤ ਜਿੰਦਲ, ਅਸਮਨੀ ਮੱਟੂ, ਬਲਵਿੰਦਰ ਕੌਰ, ਮਨਜੀਤ ਕੋਰ, ਮਨੀਸ ਨੇ ਸਫਾਈ ਮੁਹਿੰਮ ਚਲਾਈ ਗਈ।

# ਲੋਕਾਂ ਦੇ ਮਸਲਿਆਂ ਦੇ ਹੱਲ ਲਈ 12 ਦਸੰਬਰ ਨੂੰ ਐਸ.ਡੀ.ਐਮ. ਦੂਧਨ ਸਾਧਾਂ ਅਧਿਕਾਰੀਆਂ ਸਮੇਤ ਪਿੰਡ ਭਸਮੜਾ ਤੇ ਸ਼ੇਖੂਪੁਰ ਪੁੱਜਣਗੇ

ਦੇਵੀਗੜ੍ਹ,
-ਰੋਜ਼ਾਨਾ ਸਵੇਰਾ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਐਸ.ਡੀ.ਐਮ. ਦੂਧਨਸਾਧਾਂ ਕਿਰਪਾਲਵੀਰ ਸਿੰਘ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਦੇ ਨਿਪਟਾਰੇ ਅਤੇ ਮਸਲਿਆਂ ਦੇ ਹੱਲ ਕਰਨ ਸਮੇਤ ਇਲਾਕੇ ਦੇ ਵਸਨੀਕਾਂ ਦੇ ਸਰਕਾਰੀ ਦਫ਼ਤਰਾਂ ਨਾਲ ਸਬੰਧਤ ਕੰਮਾਂ ਨੂੰ ਨਿਪਟਾਉਣ ਲਈ ਪਿੰਡਾਂ ਦੇ ਦੌਰੇ ਰੱਖੇ ਗਏ ਹਨ।

ਇਲਾਕੇ ਦੇ ਲੋਕਾਂ ਨੂੰ ਇਨ੍ਹਾਂ ਦੌਰਿਆਂ ਦੌਰਾਨ ਆਪਣੇ ਸਰਕਾਰੀ ਦਫ਼ਤਰਾਂ ਨਾਲ ਸਬੰਧਤ ਆਪਣੇ ਘਰਾਂ ਦੇ ਕੋਲ ਹੀ ਕਰਵਾਉਣ ਦੀ ਅਪੀਲ ਕਰਦਿਆਂ ਐਸ.ਡੀ.ਐਮ. ਕਿਰਪਾਲਵੀਰ ਸਿੰਘ ਨੇ ਦੱਸਿਆ ਕਿ 12 ਦਸੰਬਰ ਨੂੰ ਸਵੇਰੇ 10 ਤੋਂ ਦੁਪਹਿਰ 12 ਵਜੇ ਤੱਕ ਪਿੰਡ ਭਸਮੜਾ ਵਿਖੇ ਉਹ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਲੋਕਾਂ ਨੂੰ ਮਿਲਣ ਲਈ ਮੌਜੂਦ ਰਹਿਣਗੇ।

ਇਸ ਤੋਂ ਬਾਅਦ ਉਹ ਦੁਪਹਿਰ 1 ਵਜੇ ਤੋਂ 3 ਵਜੇ ਤੱਕ ਪਿੰਡ ਸ਼ੇਖੂਪੁਰ ਵਿਖੇ ਪੁੱਜਣਗੇ, ਜਿੱਥੇ ਜਿੱਥੇ ਲੋਕਾਂ ਦੇ ਕੰਮ-ਕਾਜ ਕੀਤੇ ਜਾਣਗੇ।

ਐਸ.ਡੀ.ਐਮ. ਨੇ ਅੱਗੇ ਦੱਸਿਆ ਕਿ ਇਸੇ ਤਰ੍ਹਾਂ ਉਹ 27 ਦਸੰਬਰ ਨੂੰ ਨਰੈਣਗੜ੍ਹ ਕੋਹਲੇ ਮਾਜਰਾ ਤੇ ਬਹਿਰੂ ਵਿਖੇ ਜਾਣਗੇ ਜਦਕਿ 6 ਜਨਵਰੀ ਨੂੰ ਦੂਧਨਸਾਧਾਂ ਤੇ ਖਤੌਲੀ ਦਾ ਦੌਰਾ ਰੱਖਿਆ ਗਿਆ ਹੈ। ਜਦਕਿ 19 ਜਨਵਰੀ ਨੂੰ ਦੇਵੀਨਗਰ ਹੀਰਾ ਸਿੰਘ ਵਾਲਾ ਅਤੇ ਰੌਸ਼ਨਪੁਰ ਝੁੰਗੀਆਂ ਦਾ ਦੌਰਾ ਕੀਤਾ ਜਾਵੇਗਾ।

# ਮਾਲੀ ਪ੍ਰਬੰਧਨ 'ਚ ਮਾਨ ਸਰਕਾਰ ਹੋਈ ਫੇਲ੍ਹ : ਬਲਬੀਰ ਸਿੱਧੂ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-



ਭਾਜਪਾ ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਪੰਜਾਬ ਦੇ ਵਿਗੜ ਰਹੇ ਮਾਲੀ ਹਾਲਾਤਾਂ ਨੂੰ ਠੀਕ ਨਾ ਕਰਨ ਵਿਚ ਨਾਕਾਮ ਰਹਿਣ ਉੱਤੇ 'ਆਪ' ਸਰਕਾਰ ਨੂੰ ਸਖ਼ਤ ਤਾੜਣਾ ਕੀਤੀ ਹੈ।

ਭਾਰਤੀ ਰਿਜ਼ਰਵ ਬੈਂਕ ਦੀ ਰਿਪੋਰਟ ਦੇ ਅਨੁਸਾਰ, ਸੂਬੇ ਉੱਤੇ ਗਰੰਟੀਆਂ ਸਮੇਤ 3,05,126.3 ਕਰੋੜ ਰੁਪਏ ਦਾ ਕਰਜ਼ਾ ਹੈ। ਸਿੱਧੂ ਨੇ ਕਿਹਾ ਕਿ ਇਹ ਸਰਕਾਰ ਸੂਬੇ ਵਿੱਚ ਕੋਈ ਵੀ ਸਿੱਧਾ ਵਿਦੇਸ਼ੀ ਨਿਵੇਸ਼ (ਐਫ.ਡੀ.ਆਈ.) ਜਾਂ ਕੋਈ ਵੱਡਾ ਘਰੇਲੂ ਨਿਵੇਸ਼ ਲਿਆਉਣ ਵਿੱਚ ਅਸਫਲ ਰਹੀ ਹੈ।

ਸਿੱਧੂ ਨੇ ਕਿਹਾ ਕਿ ਪੰਜਾਬ ਦੇ ਉੱਘੇ ਅਰਥ-ਸ਼ਾਸ਼ਤਰੀ ਨੇ ਕੇਂਦਰੀ ਵਿੱਤ ਮੰਤਰੀ ਸ੍ਰੀਮਤੀ ਨਿਰਮਲਾ ਸੀਤਾਰਮਨ ਤੋਂ ਪੰਜਾਬ ਦੀ ਮਾਲੀ ਹਾਲਤ ਨੂੰ ਤੁਰੰਤ ਸੁਧਾਰ ਲਈ ਬੇਨਤੀ ਕੀਤੀ ਹੈ ਅਤੇ ਅਰਥਚਾਰੇ ਨੂੰ ਮੁੜ ਸੁਰਜੀਤ ਕਰਨ ਲਈ ਯੋਜਨਾ ਨੂੰ ਯਕੀਨੀ ਬਣਾਉਣ ਨੂੰ ਕਿਹਾ ਹੈ।

ਉਸਨੇ ਅੱਗੇ ਕਿਹਾ ਕਿ ਵਿੱਤੀ ਨੀਤੀ ਗੈਰ-ਕਾਰਜਸ਼ੀਲ ਹੋ ਗਈ ਹੈ, ਜਿਸ ਨੂੰ ਮੁੜ-ਉਥਾਨ ਕਰਨਾ ਬਹੁਤ ਮੁਸ਼ਕਲ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਕੋਲ ਪੰਜਾਬ ਦੀ ਮਾੜੀ ਸਿਹਤ ਨੂੰ ਮੁੜ ਸੁਰਜੀਤ ਕਰਨ ਲਈ ਕੋਈ ਰਣਨੀਤੀ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਕੇਜਰੀਵਾਲ ਵੱਲੋਂ ਕੀਤੇ ਗਏ ਮਾਲੀ ਸੁਧਾਰ ਦੇ ਵੱਡੇ ਵਾਅਦਿਆਂ ਨੂੰ ਯਾਦ ਕਰਨ। ਕਾਰੋਬਾਰ ਕਰਨ ਨੂੰ ਆਸਾਨ ਬਣਾਉਣ, ਉੱਦਮਸ਼ੀਲਤਾ ਨੂੰ ਉਤਸ਼ਾਹਿਤ ਕਰਨ ਅਤੇ ਵਿਦੇਸ਼ੀ ਨਿਵੇਸ਼ ਨੂੰ ਖਿੱਚਣ ਦੇ ਉਨ੍ਹਾਂ ਦੇ ਦਾਅਵੇ ਸਿਰਫ਼ ਮਾਈਲੇਜ ਹਾਸਲ ਕਰਨ ਦੀਆਂ ਚਾਲਾਂ ਸਨ।

ਸਿੱਧੂ ਨੇ ਅੱਗੇ ਕਿਹਾ ਕਿ ਅਸਲ ਵਿੱਚ ਸਰਕਾਰ ਕੋਲ ਸੂਬੇ ਲਈ ਕੋਈ ਬੁਨਿਆਦੀ ਯੋਜਨਾ ਨਹੀਂ ਹੈ। ਇਹ ਸਪੱਸ਼ਟ ਤੌਰ 'ਤੇ ਦੇਖਿਆ ਜਾ ਰਿਹਾ ਹੈ ਕਿ ਇੱਕ ਬਹੁਤ ਵੱਡਾ ਮਾਲੀ ਘਾਟਾ ਹੈ ਜਿਸ ਨੂੰ ਉਦੋਂ ਤੱਕ ਪੂਰਾ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਇਸ ਨੂੰ ਜ਼ਮੀਨੀ ਪੱਧਰ 'ਤੇ ਸਖ਼ਤ ਯਤਨ ਨਹੀਂ ਕੀਤੇ ਜਾਂਦੇ।

ਵਿੱਤੀ ਪੈਕੇਜ ਦੀ ਮੰਗ ਕਰਨਾ ਸਿਰਫ ਆਖਰੀ ਉਪਾਅ ਹੋਵੇਗਾ ਪਰ ਇਸ ਨੂੰ ਸਮਝਦਾਰੀ ਨਾਲ ਵਰਤੋਂ ਕਰਨ ਅਤੇ ਭਵਿੱਖ ਵਿਚ ਇਸ ਤਰ੍ਹਾਂ ਦੇ ਸਮੋ ਪੈਦਾ ਕਰਨਾ ਸਮੇਂ ਦੀ ਮੰਗ ਹੈ। ਸਨਅਤਕਾਰ ਵੱਲੋਂ ਸੂਬੇ ਵਿੱਚ ਨਿਵੇਸ਼ ਕਰਨ ਤੋਂ ਡਰ ਰਹੇ ਹਨ ਕਿਉਂਕਿ ਹਾਲ ਹੀ ਵਿੱਚ ਪੈਦਾ ਹੋਏ ਮਾਫੀਆ ਕਲਚਰ ਕਾਰਣ ਵਿਸ਼ਵ ਪੱਧਰ 'ਤੇ ਪੰਜਾਬ ਦੇ ਅਕਸ ਨੂੰ ਠੇਸ ਪਹੁੰਚੀ ਹੈ। ਉਨ੍ਹਾਂ ਅੱਗੇ ਕਿਹਾ ਕਿ ਬਿਨਾਂ ਤੱਥਾਂ ਜਾਣੇ ਮੀਡੀਆ ਵੱਲੋਂ ਕੀਤੀ ਰਿਪੋਰਟਿੰਗ ਕਾਰਣ ਇਸ ਦਾ ਮੁੱਲ ਪੰਜਾਬ ਨੂੰ ਮਹਿੰਗਾ ਪੈ ਰਿਹਾ ਹੈ।

ਹਾਲ ਹੀ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਗੈਂਗਸਟਰ ਗੋਲਡੀ ਬਰਾੜ ਦੀ ਨਜ਼ਰਬੰਦੀ ਬਾਰੇ ਦਿੱਤੇ ਬਿਆਨ ਕਾਰਣ ਹਫੜਾ-ਦਫੜੀ ਮਚ ਗਈ ਹੈ ਅਤੇ ਉੱਥੇ ਹੀ ਇੱਕ ਰਿਪੋਰਟਰ ਵੱਲੋਂ ਵਾਇਰਲ ਹੋਈ ਆਡੀਓ ਕਾਲ ਰਿਕਾਰਡਿੰਗ ਨਾਲ ਉਸ ਦੀ ਹਿਰਾਸਤ ਨੂੰ ਲੈ ਕੇ ਸ਼ੰਕੇ ਪੈਦਾ ਹੋ ਰਿਹਾ ਹੈ।

ਭਗਵੰਤ ਮਾਨ ਨੂੰ ਪਹਿਲਾਂ ਆਪਣੇ ਤੱਥ ਸਾਫ਼ ਕਰਨੇ ਚਾਹੀਦੇ ਹਨ ਅਤੇ ਫਿਰ ਪੰਜਾਬ ਦੀ ਜਨਤਾ ਨੂੰ ਠੋਸ ਆਧਾਰ 'ਤੇ ਸੰਬੋਧਨ ਕਰਨਾ ਚਾਹੀਦਾ ਹੈ। ਪਹਿਲਾਂ ਪੰਜਾਬ ਵਿੱਚ ਬੀਐਮਡਬਲਯੂ ਦੇ ਪੰਜਾਬ ਵਿਚ ਨਿਵੇਸ਼ ਬਾਰੇ ਉਨ੍ਹਾਂ ਦੇ ਬਿਆਨ ਭਰੋਸੇ 'ਤੇ ਸਵਾਲ ਖੜ੍ਹੇ ਕੀਤੇ ਹਨ।

ਉਨ੍ਹਾਂ ਕਿਹਾ ਕਿ ਭਗਵੰਤ ਮਾਨ ਇੱਕ ਗੈਰ-ਸੰਜੀਦਾ ਸਿਆਸਤਦਾਨ ਹਨ, ਜਿੰਨ੍ਹਾਂ ਨੂੰ ਭਾਰੀ ਫ਼ਤਵਾ ਮਿਲਣ ਦੇ ਬਾਵਜੂਦ ਉਨ੍ਹਾਂ ਨੇ ਆਪਣੀ ਕੈਬਨਿਟ ਨਾਲ ਲੰਮਾ ਸਮਾਂ ਗੁਜਰਾਤ ਵਿੱਚ ਰਹਿਣ ਲਈ ਚੁਣਿਆ, ਜੋ ਕਿ ਪੰਜਾਬ ਦੇ ਮੁੱਦਿਆਂ ਪ੍ਰਤੀ ਉਨ੍ਹਾਂ ਦੀ ਅਸੰਵੇਦਨਸ਼ੀਲਤਾ ਨੂੰ ਦਰਸਾਉਂਦਾ ਹੈ। ਘੱਟੋ-ਘੱਟ ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਪ੍ਰਤੀ ਹਮਦਰਦੀ ਹੋਣੀ ਚਾਹੀਦੀ ਹੈ, ਜਿਨ੍ਹਾਂ ਨੇ ਉਨ੍ਹਾਂ 'ਤੇ ਭਰੋਸਾ ਕੀਤਾ ਹੈ।

# ਭਾਜਪਾ ਨੇ ਗੁਜਰਾਤ ਵਿੱਚ ਭਾਰੀ ਬਹੁਮਤ ਹਾਸਲ ਕਰਕੇ ਬਣਾਇਆ ਨਵਾਂ ਰਿਕਾਰਡ: ਅਸ਼ਵਨੀ ਸ਼ਰਮਾ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-



ਗੁਜਰਾਤ ਵਿਧਾਨ ਸਭਾ ਚੋਣਾਂ ਦੌਰਾਨ ਗੁਜਰਾਤ ਦੇ ਲੋਕਾਂ ਨੇ ਭਾਜਪਾ ਦੇ 27 ਸਾਲਾਂ ਦੇ ਸੁਸ਼ਾਸਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੇਸ਼ ਹਿੱਤ 'ਚ ਲਏ ਠੋਸ ਅਤੇ ਨਿਰਣਾਇਕ ਫੈਸਲਿਆਂ ਅਤੇ ਲੋਕ-ਕਲਿਆਣ ਦੀਆਂ ਨੀਤੀਆਂ 'ਤੇ ਮੁੜ ਨਿਰਣਾਇਕ ਵਿਸ਼ਵਾਸ ਦਾ ਪ੍ਰਗਟਾਵਾ ਕਰਦਿਆਂ 155 ਤੋਂ ਵੱਧ ਸੀਟਾਂ 'ਤੇ ਬਹੁਮਤ ਦੇ ਕੇ ਭਾਜਪਾ ਨੂੰ ਜਿੱਤ ਦਿਵਾਉਣ ਲਈ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਗੁਜਰਾਤ ਦੇ ਲੋਕਾਂ ਦਾ ਕੋਟੀ-ਕੋਟੀ ਧੰਨਵਾਦ ਕੀਤਾ ਅਤੇ ਭਾਜਪਾ ਵਰਕਰਾਂ ਨੂੰ ਜਿੱਤ ਦਿਵਾਉਣ ਲਈ ਵਧਾਈ ਦਿੱਤੀ। ਅਸ਼ਵਨੀ ਸ਼ਰਮਾ ਨੇ ਆਪਣੇ ਬਿਆਨ 'ਚ ਕਿਹਾ ਕਿ ਇਹ ਇਕ ਵਾਰ ਫਿਰ ਸਪੱਸ਼ਟ ਹੋ ਗਿਆ ਹੈ ਕਿ ਭਾਰਤ ਦੇ ਵਿਸ਼ਵ ਪ੍ਰਸਿੱਧ ਅਤੇ ਦੇਸ਼ ਦੇ ਹਰਮਨ ਪਿਆਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਲੋਕਾਂ ਦਾ ਅਟੁੱਟ ਵਿਸ਼ਵਾਸ ਹੈ ਅਤੇ ਪ੍ਰਧਾਨ ਮੰਤਰੀ ਮੋਦੀ ਵਲੋਂ ਭਾਰਤ ਨੂੰ ਵਿਸ਼ਵ-ਗੁਰੂ ਅਤੇ ਵਿਸ਼ਵ ਸ਼ਕਤੀ ਬਣਾਉਣ ਦੇ ਦੇਖੇ ਗਏ ਸੁਫਨੇ ਨੂੰ ਪੂਰਾ ਕਰਨ ਲਈ ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲਣ ਲਈ ਤਿਆਰ ਹਨ ਅਤੇ ਦੇਸ਼ ਅਤੇ ਖੁਦ ਦੀ ਤਰੱਕੀ ਚਾਹੁੰਦੇ ਹਨ। ਭਾਜਪਾ ਨੇ ਜਨਤਾ ਦੇ ਸਮਰਥਨ ਨਾਲ ਗੁਜਰਾਤ ਵਿੱਚ ਲਗਾਤਾਰ ਸੱਤਵੀਂ ਵਾਰ ਜਿੱਤ ਦਾ ਝੰਡਾ ਲਹਿਰਾਇਆ ਹੈ। ਗੁਜਰਾਤ ਦੇ ਲੋਕਾਂ ਨੇ ਇੱਕ ਵਾਰ ਫਿਰ ਪ੍ਰਧਾਨ ਮੰਤਰੀ ਮੋਦੀ 'ਤੇ ਭਰੋਸਾ ਜਤਾਇਆ ਹੈ ਅਤੇ ਵਿਕਾਸ ਦੇ ਨਾਮ 'ਤੇ ਵੋਟ ਦਿੱਤੀ ਹੈ। ਗੁਜਰਾਤ ਵਿੱਚ ਭਾਜਪਾ ਨੇ ਸਾਰੇ ਮੁੱਖ ਮੰਤਰੀਆਂ ਦੀ ਅਗਵਾਈ ਵਿੱਚ ਜੋ ਵਿਕਾਸ ਕੀਤਾ ਹੈ, ਉਸ ਉੱਤੇ ਜਨਤਾ ਨੇ ਇੱਕ ਵਾਰ ਫਿਰ ਮੋਹਰ ਲਗਾ ਦਿੱਤੀ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਗੁਜਰਾਤ ਚੋਣ ਨਤੀਜਿਆਂ ਨੇ ਕਈ ਚੋਣ ਵਿਸ਼ਲੇਸ਼ਕਾਂ ਦੀਆਂ ਭਵਿੱਖਬਾਣੀਆਂ ਨੂੰ ਗਲਤ ਸਾਬਤ ਕਰ ਦਿੱਤਾ ਹੈ। ਭਾਰਤੀ ਜਨਤਾ ਪਾਰਟੀ ਸ਼ੁਰੂ ਤੋਂ ਹੀ ਕਹਿੰਦੀ ਆ ਰਹੀ ਹੈ ਕਿ ਇਸ ਵਾਰ 150 ਪਾਰ ਅਤੇ ਜਨਤਾ ਨੇ ਇੱਕ ਵਾਰ ਫਿਰ ਭਾਰਤੀ ਜਨਤਾ ਪਾਰਟੀ ਵਿੱਚ ਵਿਸ਼ਵਾਸ ਜਤਾਇਆ ਹੈ ਅਤੇ ਭਾਜਪਾ ਨੂੰ ਬਹੁਮਤ ਦੇ ਕੇ ਗੁਜਰਾਤ ਦੀ ਕਮਾਨ ਇੱਕ ਵਾਰ ਫਿਰ ਤੋਂ ਬੀਜੇਪੀ ਨੂੰ ਸੌਂਪੀ ਹੈ।

# ਦਿੱਲੀ ਐਮ ਸੀ ਡੀ ਚੋਣਾਂ ਵਿੱਚ ਜਿੱਤ 'ਤੇ ਆਪ ਵਰਕਰਾਂ ਨੇ ਵੰਡੇ ਲੱਡੂ



ਸਮਾਣਾ,
-ਰੋਜ਼ਾਨਾ ਸਵੇਰਾ-

ਦਿੱਲੀ ਐਮ ਸੀ ਡੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਵੱਲੋਂ ਪਹਿਲੀ ਵਾਰ ਪੂਰਨ ਬਹੁ ਮਤ ਪ੍ਰਾਪਤ ਕਰਨ ਤੇ ਹਲਕਾ ਸਮਾਣਾ ਤੋਂ ਐਮ ਐਲ ਏ ਅਤੇ ਸਿਹਤ ਮੰਤਰੀ ਪੰਜਾਬ ਦੀ ਟੀਮ ਵੱਲੋਂ ਸਥਾਨਕ ਕੈਂਪ ਹਾਊਸ ਵਿਖੇ ਇਕੱਠੇ ਹੋ ਕੇ ਲੱਡੂ ਵੰਡ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ, ਇਸ ਮੌਕੇ ਪੱਤਰਕਾਰਾਂ ਨਾਲ ਗੱਲ ਬਾਤ ਕਰਦਿਆਂ ਸਿਹਤ ਮੰਤਰੀ ਦੇ ਭਰਾ ਹਰਜਿੰਦਰ ਸਿੰਘ ਮਿੰਟੂ ਅਤੇ ਹਲਕਾ ਇੰਚਾਰਜ ਬਲਕਾਰ ਸਿੰਘ ਗੱਜੂਮਾਜਰਾ ਨੇ ਕਿਹਾ ਕਿ ਦਿੱਲੀ ਐਮ ਸੀ ਡੀ ਚੋਣਾਂ ਵਿੱਚ ਇਤਿਹਾਸਿਕ ਜਿੱਤ ਨੇ ਸਾਬਿਤ ਕਰ ਦਿੱਤਾ ਹੈ ਕਿ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਦੇ ਦਿੱਲੀ ਵਿਕਾਸ ਮਾਡਲ ਤੇ ਮੁਹਰ ਲਗਾਈ ਹੈ, ਇਸ ਨਾਲ ਹੁਣ ਬਾਕੀ ਦੇਸ਼ ਵਿੱਚ ਵੀ ਕੇਜਰੀਵਾਲ ਦੀ ਵਿੱਚ ਵੀ ਵਾਧਾ ਹੋਇਆ ਹੈ ,ਹਰਜਿੰਦਰ ਸਿੰਘ ਮਿੰਟੂ, ਹਲਕਾ ਇੰਚਾਰਜ ਬਲਕਾਰ ਸਿੰਘ ਗੱਜੂਮਾਜਰਾ,ਗੁਲਜ਼ਾਰ ਵਿਰਕ ਸਮੇਤ ਵੱਡੀ ਗਿਣਤੀ ਵਿਚ ਆਪ ਆਗੂ ਹਾਜ਼ਰ ਸਨ।

# ਸਬਜੀ ਮੰਡੀ ਨਾਭਾ ਦੇ ਆੜ੍ਹਤੀਆ ਐਸੋਸੀਏਸ਼ਨ ਨੇ ਵਿਧਾਇਕ ਦੇਵ ਮਾਨ ਦਾ ਕੀਤਾ ਸਨਮਾਨ



ਨਾਭਾ,
-ਰੋਜ਼ਾਨਾ ਸਵੇਰਾ-

ਸਬਜੀ ਮੰਡੀ ਨਾਭਾ ਦੇ ਆੜਤੀਆ ਐਸੋਸੀਏਸ਼ਨ ਵੱਲੋਂ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।

ਦੇਵ ਮਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਸਹਿਰ ਨਾਭਾ ਵਿੱਚ ਵਿਕਾਸ ਕਾਰਜ ਵੱਡੇ ਪੱਧਰ ਤੇ ਚੱਲ ਰਹੇ ਹਨ ਜਿਸ ਤਹਿਤ ਸਬਜੀ ਮੰਡੀ ਨਾਭਾ ਵਿੱਚ ਵਿਕਾਸ ਕਾਰਜ ਬਹੁਤ ਜਲਦੀ ਸੁਰੂ ਕੀਤੇ ਜਾਣਗੇ ਆੜਤੀਆ ਐਸੋਸੀਏਸ਼ਨ ਵੱਲੋ ਕੁਝ ਸਮੱਸਿਆਵਾਂ ਬਾਰੇ ਦੱਸਿਆ ਗਿਆ ਜਿੰਨਾ ਨੂੰ ਵਿਧਾਇਕ ਦੇਵ ਮਾਨ ਵੱਲੋਂ ਜਲਦ ਹੱਲ ਕਰਨ ਦਾ ਵਾਅਦਾ ਕੀਤਾ ਮਾਣ ਸਨਮਾਨ ਦੇਣ ਲਈ ਮੰਡੀ ਦੇ ਸਮੁੱਚੇ ਆੜਤੀਆ ਅਤੇ ਮਜਦੂਰਾਂ ਦਾ ਦੇਵ ਮਾਨ ਵੱਲੋਂ ਧੰਨਵਾਦ ਕੀਤਾ ਗਿਆ

ਇਸ ਮੌਕੇ ਤੇਜਿੰਦਰ ਸਿੰਘ ਖਹਿਰਾ, ਮਨਪ੍ਰੀਤ ਸਿੰਘ ਧਾਰੋਂਕੀ, ਦਵਿੰਦਰ ਸਿੰਘ ਕੁਲਾਰਾਂ ਪ੍ਰਧਾਨ ਟਰੱਕ ਯੂਨੀਅਨ ਨਾਭਾ, ਪ੍ਰਧਾਨ ਜੋਬਨਪ੍ਰੀਤ ਸਿੰਘ ਸੋਨੂੰ, ਦਿਲਸ਼ਾਦ ਚੋਧਰੀ, ਮੋਨੂੰ ਜੀ, ਰਾਜੂ ਜੀ, ਰੋਡਾ ਤੁੱਲੀ, ਸਨੀ ਜੂੰਜੇ,ਜੀਤ ਸਿੰਘ, ਰੂਪੀ , ਹਰਭਜਨ , ਰਵੀ ਨਾਭਾ ਭੁਪਿੰਦਰ ਸਿੰਘ ਕੱਲਰ ਮਾਜਰੀ, ਮਨਜੋਤ ਸਿੰਘ ਲੱਧਾਹੇੜੀ,ਹਰਮੀਕ ਸਿੰਘ ਬਾਜਵਾ, ਲਾਲੀ ਫਤਿਹਪੁਰ ,ਸੁਖਪ੍ਰੀਤ ਸਿੰਘ ਸੁਰਾਜਪੁਰ , ਸੁਖਦੇਵ ਮਾਨ, ਅਮਨਦੀਪ ਸਿੰਘ ਰਹਿਲ, ਸਿਮਰਨਜੀਤ ਸਿੰਘ ਅੜਕ ਚੋਹਾਨ, ਸੁਖਦੀਪ ਸਿੰਘ ਖਹਿਰਾ,ਜਸਵੀਰ ਸਿੰਘ ਜੱਸੀ,ਮਨਪ੍ਰੀਤ ਸਿੰਘ ਕਾਲੀਆ, ਮੇਜਰ ਸਿੰਘ ,ਭਗਵੰਤ ਸਿੰਘ ਢੀਂਡਸਾ, ਜਸਵੀਰ ਸਿੰਘ ਵਜੀਦਪੁਰ ਅਤੇ ਹੋਰ ਆਹੁਦੇਦਾਰ ਮੌਜੂਦ।

# ਸਬਜ਼ੀ ਮੰਡੀ ਵਿਚ ਆੜ੍ਹਤੀਆ ਤੇ ਮਜ਼ਦੂਰਾਂ ਨੂੰ ਆ ਰਹੀਆ ਸਮੱਸਿਆਵਾ ਦਾ ਜਲਦੀ ਹੱਲ ਕੀਤਾ ਜਾਵੇਗਾ: ਜੱਸੀ ਸੋਹੀਆਂ ਵਾਲਾ


ਨਵੀਂ ਸਬਜ਼ੀ ਮੰਡੀ ਨਾਭਾ ਵਿਖੇ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਦਾ ਸਨਮਾਨ ਕਰਦੇ ਹੋਏ ਮੰਡੀ ਐਸੋਸੀਏਸ਼ਨ ਦੇ ਨੁਮਾਇੰਦੇ।

ਨਾਭਾ,
-ਰੋਜ਼ਾਨਾ ਸਵੇਰਾ-

ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਸਥਾਨਕ ਨਵੀਂ ਸਬਜ਼ੀ ਮੰਡੀ ਵਿਖੇ ਆੜਤੀਆ ਅਤੇ ਮੰਡੀ ਮਜ਼ਦੂਰਾਂ ਦੀਆਂ ਸਮੱਸਿਆਵਾ ਸੁਣਨ ਉਪਰੰਤ ਗੱਲਬਾਤ ਕਰਦਿਆ ਕਿਹਾ ਕਿ ਸਬਜ਼ੀ ਮੰਡੀ ਵਿੱਚ ਪਿਛਲੇਂ ਸਮੇਂ ਤੋਂ ਆੜਤੀਆ ਅਤੇ ਮਜ਼ਦੂਰਾਂ ਨੂੰ ਆ ਰਹੀਆ ਦਰਪੇਸ਼ ਮੁਸ਼ਕਲਾਂ ਦਾ ਜਲਦ ਹੀ ਹੱਲ ਕੀਤਾ ਜਾਵੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਸਬਜ਼ੀ ਮੰਡੀ ਦਾ ਵਧੀਆ ਢੰਗ ਨਾਲ ਵਿਕਾਸ ਕੀਤਾ ਜਾਵੇਗਾ। ਉਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਹਰ ਵਰਗ ਦੇ ਲੋਕਾਂ ਨੂੰ ਬਣਦੀਆ ਬੁਨਿਆਦੀ ਸਹੂਲਤਾਂ ਦੇਣ ਲਈ ਵਚਨਬੱਧ ਹੈ ਅਤੇ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਸੂਬਾ ਸਰਕਾਰ ਵਲੋਂ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਮੰਡੀ ਐਸੋਸੀਏਸ਼ਨ ਦੇ ਆੜਤੀਆ ਤੇ ਮਜਦੂਰਾਂ ਵਲੋਂ ਜੱਸੀ ਸੋਹੀਆਂ ਵਾਲਾ ਨੂੰ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦਾ ਚੇਅਰਮੈਨ ਲੱਗਣ ਤੇ ਸਨਮਾਨਿਤ ਕੀਤਾ ਗਿਆ ਅਤੇ ਨਾਭਾ ਹਲਕੇ ਨੂੰ ਇਹ ਨੁਮਾਇੰਦਗੀ ਦੇਣ ਤੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁਨੀਸ਼ ਕੁਮਾਰ, ਦਿਲਸ਼ਾਦ ਚੌਧਰੀ ਚਰਨਜੀਤ ਸਿੰਘ ਚੰਨੀ, ਰਜਿੰਦਰ ਲਾਲਾ, ਕੁਲਵਿੰਦਰ ਸਿੰਘ ਰਾਜੂ ਸਰਬਜੀਤ ਸਿੰਘ ਮੋਨੂੰ, ਰਾਜ ਕੁਮਾਰ ਰਵਿੰਦਰ ਸਿੰਘ ਰਵੀ, ਮਦਨ, ਸੁਰਿੰਦਰ ਪਾਲ ਤੁਲੀ ਆਦਿ ਵੀ ਮੌਜੂਦ ਸਨ।

ਦਫਤਰ ਨਗਰ ਪੰਚਾਇਤ ਤਲਵੰਡੀ ਸਾਬੋ (ਬਠਿੰਡਾ)
ਸਵੱਛ ਭਾਰਤ ਮਿਸ਼ਨ
स्वच्छ भारत
एक कदम स्वच्छता की ओर
ਇਸ਼ਤਿਹਾਰ

☛ ਨਗਰ ਪੰਚਾਇਤ ਤਲਵੰਡੀ ਸਾਬੋ (ਬਠਿੰਡਾ) ਵਲੋਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਗੰਭੀਰ ਬਿਮਾਰੀਆਂ ਤੋਂ ਬਚਣ ਲਈ ਸ਼ਹਿਰ ਵਾਸੀ ਹੇਠ ਲਿਖੀਆਂ ਗੱਲਾਂ ਵੱਲ ਵਿਸ਼ੇਸ ਧਿਆਨ ਦੇਣ:-

1. ਘਰਾਂ ਦਾ ਕੂੜਾ ਗਿੱਲਾ ਅਤੇ ਸੁੱਕਾ ਅਲੱਗ ਅਲੱਗ ਕਰਕੇ ਨਗਰ ਪੰਚਾਇਤ ਦੀ ਰਿਕਸ਼ਾ ਰੇੜੀ , ਟਰਾਲੀ ਆਦਿ ਵਿੱਚ ਹੀ ਪਾਇਆ ਜਾਵੇ। ਘਰਾਂ ਦੇ ਬਾਹਰ ਰੂੜੀ ਆਦਿ ਨਾ ਲਗਾਈ ਜਾਵੇ। ਗਿੱਲੇ ਕੂੜੇ ਤੋਂ ਆਪਣੇ ਘਰਾਂ ਵਿੱਚ ਹੀ ਖਾਦ ਬਣਾਏ ਜਾਣ ਦੀ ਪ੍ਰਕਿਰਿਆ ਅਪਣਾਈ ਜਾਵੇ।
2. ਘਰਾਂ ਦੇ ਆਲੇ ਦੁਆਲੇ ਗੰਦਾ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ ਤਾਂ ਜੋ ਗੰਦੇ ਪਾਣੀ ਤੋਂ ਪੈਦਾ ਹੋਣ ਵਾਲੇ ਮੱਛਰ ਤੋਂ ਫੈਲਣ ਵਾਲੀ ਬਿਮਾਰੀ ਅਦਿ ਤੋਂ ਬੱਚਿਆ ਜਾ ਸਕੇ।
3. ਜਨਮ ਅਤੇ ਮੋਤ ਦਾ ਰਜਿਸਟ੍ਰੇਸ਼ਨ 21 ਦਿਨਾਂ ਦੇ ਅੰਦਰ ਅੰਦਰ ਕਰਵਾਇਆ ਜਾਵੇ।
4. ਮਕਾਨ ਦੁਕਾਨ ਦੀ ਉਸਾਰੀ ਸੁਰੂ ਕਰਨ ਤੋਂ ਪਹਿਲਾ ਨਗਰ ਪੰਚਾਇਤ ਪਾਸੋਂ ਨਕਸ਼ਾ ਜਰੂਰ ਪਾਸ ਕਰਵਾਇਆ ਜਾਵੇ ਅਤੇ ਆਪਣੇ ਘਰਾਂ/ਦੁਕਾਨਾਂ ਦਾ ਪ੍ਰਾਪਰਟੀ ਟੈਕਸ ਜਲਦ ਤੋਂ ਜਲਦ ਭਰਿਆ ਜਾਵੇ।
5. ਨਗਰ ਪੰਚਾਇਤ ਦੀ ਹਦੂਦ ਅੰਦਰ ਪਲਾਸਟਿਕ ਲਿਫਾਫੇ ਪੂਰੀ ਤਰ੍ਹਾਂ ਨਾਲ ਬੈਨ ਹਨ ਜੋ ਪਲਾਸਟਿਕ ਦੀ ਵਰਤੋਂ ਕਰਦਾ ਫੜਿਆ ਜਾਂਦਾ ਹੈ ਉਸ ਨੂੰ ਪਹਿਲੀ ਵਾਰ ਜੁਰਮਾਨਾਂ ਅਤੇ ਦੂਜੀ ਵਾਰ ਚਲਾਨ ਕੀਤਾ ਜਾਵੇਗਾ।
6. ਫਾਇਰ ਸਬੰਧੀ ਐਨ. ਓ. ਸੀ. ਨਗਰ ਪੰਚਾਇਤ ਤਲਵੰਡੀ ਸਾਬੋ ਪਾਸੋਂ ਲੈਣਾ ਅਤਿ ਜਰੂਰੀ ਹੈ।

ਸਹੀ/-
ਕਾਰਜ ਸਾਧਕ ਅਫਸਰ
ਨਗਰ ਪੰਚਾਇਤ ਤਲਵੰਡੀ ਸਾਬੋ (ਬਠਿੰਡਾ)